ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ 99155-94111

ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR

ਮੁੱਖ ਸੰਪਾਦਕ : ਅਮਨਦੀਪ ਮਹਿਰਾ

ਸੋਮਵਾਰ, 30 ਸਤੰਬਰ 2024

Email:- lokbani08@gmail.com


## ਅੱਜ ਦਾ ਸ਼ੁਭ ਵਿਚਾਰ



ਸਾਨੂੰ ਸੰਸਾਰੀ ਜੀਵਾਂ ਨੂੰ ਹਰ ਇੱਕ ਮਨੁੱਖ ਦਾ ਭਲਾ ਮੰਗਣਾ ਚਾਹੀਦਾ ਹੈ ਕਿਉਂਕਿ ਅਜੋਕੇ ਸਮੇਂ ਵਿੱਚ ਹਰ ਮਨੁੱਖ ਮੈਂ ਮੇਰੀ ਹੰਕਾਰ ਵਿੱਚ ਹੀ ਆਪਣਾ ਕੀਮਤੀ ਸਮਾਂ ਵਿਅਰਥ ਕਰਦਾ ਜਾ ਰਿਹਾ ਹੈ। ਸਾਨੂੰ ਗੁਰੂ ਦੇ ਭਾਣੇ ਵਿੱਚ ਰਹਿਣਾ ਚਾਹੀਦਾ ਹੈ।

ਰਣਜੀਤ ਸਿੰਘ ਸ਼ੇਰਪੁਰ

ਰੋਜ਼ਾਨਾ ਲੋਕ ਬਾਣੀ
www.lokbani.com


R. N. I. Punpun/29016/2008 * ਸਾਲ 16 , * ਅੰਕ : 113, * ਮੁੱਲ : 6 ਰੁਪਏ * ਕੁੱਲ ਪੇਜ: 10 * ਦਫਤਰ : 0181-2211009 * M : 99155-94111


## ਕੈਨੇਡਾ ਵਿੱਚ ਫਲਸਤੀਨ ਸਮਰਥਕਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨਾਲ ਕੀਤੀ ਛੇੜ ਛਾੜ

**ਵੈਨਕੂਵਰ,ਲੋਕ ਬਾਣੀ--** ਫਲਸਤੀਨ ਦੇ ਗਾਜ਼ਾ ਵਿੱਚ ਹਮਲਿਆਂ ਦਾ ਇੱਕ ਸਾਲ ਪੂਰਾ ਹੋਣ ਮੌਕੇ ਕੈਨੇਡਾ ਵਿੱਚ ਇਜ਼ਰਾਈਲ ਖ਼ਿਲਾਫ਼ ਰੋਸ ਵਿਖਾਵੇ ਕੀਤੇ ਜਾ ਰਹੇ ਹਨ। ਇਸ ਦੌਰਾਨ ਬੀਤੀ ਸ਼ਾਮ ਮਿਸੀਸਾਗਾ ਸ਼ਹਿਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨਾਲ ਫਲਸਤੀਨੀ ਝੰਡਾ ਬੰਨ੍ਹ ਦਿੱਤਾ ਗਿਆ। ਕੁਝ ਵਿਖਾਵਾਕਾਰੀਆਂ ਨੇ ਮਿਸੀਸਾਗਾ ਸ਼ਹਿਰ ਦੀ ਡਰਿਊ ਰੋਡ ਸਥਿਤ ਗਰੇਟ ਪੰਜਾਬ ਪਲਾਜ਼ੇ ਵਿੱਚ ਲੱਗੇ ਆਦਮ ਕੱਦ ਅਕਾਰੀ ਘੋੜੇ 'ਤੇ ਸਵਾਰ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨਾਲ



ਕਥਿਤ ਛੇੜ-ਛਾੜ ਵੀ ਕੀਤੀ।

## ਇਜ਼ਰਾਈਲ ਦੇ ਹਮਲੇ ਵਿਚ ਇੱਕ ਹੋਰ ਹਿਜ਼ਬੁੱਲਾ ਦਾ ਪ੍ਰਮੁੱਖ ਆਗੂ ਮਾਰਿਆ ਗਿਆ

**ਯੇਰੂਸ਼ਲਮ, ਲੋਕ ਬਾਣੀ**--ਇਜ਼ਰਾਈਲ ਦੀ ਫੌਜ ਨੇ ਅੱਜ ਦਾਅਵਾ ਕੀਤਾ ਹੈ ਕਿ ਉਸ ਨੇ ਹਵਾਈ ਹਮਲੇ ਵਿੱਚ ਹਿਜ਼ਬੁੱਲ੍ਹਾ ਦੇ ਇਕ ਪ੍ਰਮੁੱਖ ਆਗੂ ਨੂੰ ਮਾਰ ਦਿੱਤਾ ਹੈ। ਫੌਜ ਨੇ ਕਿਹਾ ਕਿ ਉਸ ਨੇ ਸ਼ਨਿਚਰਵਾਰ ਨੂੰ ਹਵਾਈ ਹਮਲੇ ਵਿੱਚ ਹਿਜ਼ਬੁੱਲ੍ਹਾ ਦੀ ਸੈਂਟਰਲ ਕਾਊਂਸਲ ਦੇ ਉਪ ਮੁਖੀ ਨਬੀਲ ਕਾਊਕ ਨੂੰ ਮਾਰ ਦਿੱਤਾ ਹੈ। ਹਿਜ਼ਬੁੱਲ੍ਹਾ ਵੱਲੋਂ ਇਸ ਸਬੰਧੀ ਤੁਰੰਤ ਕੋਈ ਪ੍ਰਤੀਕਿਰਿਆ ਨਹੀਂ ਮਿਲੀ ਹੈ। ਹਾਲ ਦੇ ਹਫ਼ਤੇ ਵਿੱਚ ਇਜ਼ਰਾਈਲ ਦੇ



ਹਮਲਿਆਂ ਵਿੱਚ ਹਿਜ਼ਬੁੱਲ੍ਹਾ ਦੇ ਕਈ ਸੀਨੀਅਰ ਕਮਾਂਡਰ ਮਾਰੇ ਗਏ ਹਨ। ਸ਼ੁੱਕਰਵਾਰ ਨੂੰ ਬੈਰੂਤ ਵਿੱਚ ਸਮੂਹ ਦਾ ਮੁਖੀ ਹਸਨ ਨਸਰੁੱਲ੍ਹਾ ਵੀ ਮਾਰਿਆ ਗਿਆ ਸੀ।

## ਜੰਮੂ ਦੇ ਕਠੂਆ ਚ ਇਕ ਦਹਿਸ਼ਤ ਗਰਦ ਨੂੰ ਕੀਤਾ ਹਲਾਕ

**ਜੰਮੂ, ਲੋਕ ਬਾਣੀ-** -ਜੰਮੂ ਕਸ਼ਮੀਰ 'ਚ ਕਠੂਆ ਜ਼ਿਲ੍ਹੇ ਦੇ ਇੱਕ ਪਿੰਡ 'ਚ ਜਾਰੀ ਤਲਾਸ਼ੀ ਮੁਹਿੰਮ ਦੌਰਾਨ ਇੱਕ ਦਹਿਸ਼ਤਗਰਦ ਮਾਰਿਆ ਗਿਆ, ਜਿਸ ਨਾਲ ਮੁਕਾਬਲੇ 'ਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ ਦੋ ਹੋ ਗਈ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ।

ਅਧਿਕਾਰੀਆਂ ਨੇ ਦੱਸਿਆ ਕਿ ਬਿਲਾਵਰ ਤਹਿਸੀਲ ਦੇ ਪਿੰਡ ਕੋਗ-ਮਾਂਡਲੀ 'ਚ ਮੁਕਾਬਲੇ ਵਾਲੀ ਥਾਂ ਅੱਜ ਦੁਪਹਿਰ ਵੇਲੇ ਇੱਕ ਦਹਿਸ਼ਤਗਰਦ ਦੀ ਲਾਸ਼ ਮਿਲੀ ਹੈ। ਪਿੰਡ 'ਚ ਤਲਾਸ਼ੀ ਮੁਹਿੰਮ ਅੱਜ ਦੂਜੇ ਦਿਨ ਵੀ ਜਾਰੀ ਰਹੀ। ਜੰਮੂ ਜ਼ੋਨ ਦੇ



ਏਡੀਜੀਪੀ ਆਨੰਦ ਜੈਨ ਨੇ ਦੱਸਿਆ ਕਿ ਤਿੰਨ-ਚਾਰ ਵਿਦੇਸ਼ੀ ਦਹਿਸ਼ਤਗਰਦਾਂ ਦੀ ਮੌਜੂਦਗੀ ਦੀ ਸੂਹ ਮਿਲਣ 'ਤੇ ਸ਼ਨਿੱਚਰਵਰ ਨੂੰ ਪਿੰਡ 'ਚ ਤਲਾਸ਼ੀ ਮੁਹਿੰਮ ਵਿੱਢੀ ਗਈ। ਸੁਰੱਖਿਆ ਬਲਾਂ ਵੱਲੋਂ ਪਿੰਡਾਂ ਚਲਾਈ ਸਾਂਝੀ ਤਲਾਸ਼ੀ ਮੁਹਿੰਮ ਦੌਰਾਨ ਸ਼ਨਿਚਰਵਾਰ ਸ਼ਾਮ ਨੂੰ ਦਹਿਸ਼ਤਗਰਦਾਂ ਵੱਲੋਂ ਕੀਤੀ

## ਅਮਰੀਕਾ ਵਿੱਚ ਆਇਆ ਤੂਫ਼ਾਨ 50 ਲੋਕਾਂ ਦੀ ਹੋਈ ਮੌਤ

**ਅਮਰੀਕਾ, ਲੋਕ ਬਾਣੀ** --ਚੱਕਰਵਾਤੀ ਤੂਫਾਨ ਹੇਲੇਨ ਕਾਰਨ ਅਮਰੀਕਾ ਵਿੱਚ 50 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ। ਹਜ਼ਾਰਾਂ ਲੋਕ ਬੇਘਰ ਦੱਸੇ ਜਾਂਦੇ ਹਨ। ਇਸ ਦੇ ਨਾਲ ਹੀ ਮੈਕਸੀਕੋ ਚ ਚੱਕਰਵਾਤੀ ਤੂਫਾਨ ਜੌਨ ਨੇ ਤਬਾਹੀ ਮਚਾਈ ਹੈ। ਦੱਖਣ-ਪੱਛਮੀ ਮੈਕਸੀਕੋ ਵਿੱਚ ਸ਼ਨੀਵਾਰ ਨੂੰ ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ। ਇਸ ਤੂਫਾਨ ਦਾ ਅਸਰ ਕਰੀਬ ਇਕ ਹਫਤੇ ਤੋਂ ਦਿਖਾਈ ਦੇ ਰਿਹਾ ਹੈ, ਜਿਸ ਚ ਕਰੀਬ 22 ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ। ਇਸ ਤੂਫਾਨ ਦਾ ਸਭ ਤੋਂ ਬੁਰਾ ਪ੍ਰਭਾਵ



ਮੈਕਸੀਕੋ ਦੇ ਸਭ ਤੋਂ ਗਰੀਬ ਇਲਾਕੇ ਗੁਆਰੇਰੋ ਚ ਦੇਖਣ ਨੂੰ ਮਿਲਿਆ, ਜਿੱਥੇ ਇਸ ਕਾਰਨ ਕਰੀਬ 18 ਲੋਕਾਂ ਦੀ ਮੌਤ ਹੋ ਗਈ। ਸਥਾਨਕ ਮੀਡੀਆ ਅਨੁਸਾਰ ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਮੌਤਾਂ ਦੱਖਣ ਵਿੱਚ ਓਆਕਸਾਕਾ ਵਿੱਚ ਤਿੰਨ ਮੌਤਾਂ ਹੋਈਆਂ ਹਨ

## ਪੰਜਾਬ ਵਿੱਚ ਫੈਕਟਰੀ ਚ ਹੋਇਆ ਧਮਾਕਾ ਕਈ ਜ਼ਖ਼ਮੀ

**ਅੰਮ੍ਰਿਤਸਰ, ਲੋਕ ਬਾਣੀ**--ਬਟਾਲਾ ਰੋਡ ਪਿੱਲਰ ਨੰਬਰ 54 ਨੇੜੇ ਫੈਕਟਰੀ ਵਿਚ ਧਮਾਕਾ ਹੋਇਆ ਹੈ। ਬਲਾਸਟ ਵਿਚ ਤਿੰਨ ਲੋਕ ਜ਼ਖਮੀ ਹੋਏ ਹਨ। ਦੱਸ ਦਈਏ ਕਿ ਅੰਮ੍ਰਿਤਸਰ-ਬਟਾਲਾ ਰੋਡ ਕੁੱਲੂ ਮਿੱਲ ਵਾਲੀ ਗਲੀ ਵਿਚ ਉਸ ਵੇਲੇ ਹਫੜਾ-ਦਫੜੀ ਮੱਚ ਗਈ ਜਦੋਂ ਇਕ ਮੈਡੀਸਨ ਦੀ ਫੈਕਟਰੀ ਵਿਚ ਵੱਡਾ ਧਮਾਕਾ ਹੋ ਗਿਆ ਅਤੇ ਇਹ ਧਮਾਕਾ ਇੰਨਾ ਜ਼ਬਰਦਸਤ ਸੀ ਕਿ ਗਲੀ ਵਿਚ ਕਈ ਘਰਾਂ ਦੇ ਕੱਚ ਦੇ ਸ਼ੀਸ਼ੇ ਟੁੱਟ ਗਏ ਤੇ ਤਿੰਨ ਦੇ ਕਰੀਬ ਲੋਕ ਜ਼ਖਮੀ ਹੋ ਗਏ,



ਜਿਸ ਤੋਂ ਬਾਅਦ ਮੌਕੇ ਉਤੇ ਪਹੁੰਚੀ ਪੁਲਿਸ ਵੀ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਦੂਜੇ ਪਾਸੇ ਇਸ ਮਾਮਲੇ ਵਿਚ ਮੌਕੇ ਉਤੇ ਪਹੁੰਚੇ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ

## ਯੂ,ਪੀ ਚ ਵਾਪਰੀਆਂ ਸੜਕ ਹਾਦਸਾ ਦੋ ਭਰਾਵਾਂ ਦੀ ਹੋਈ ਮੌਤ

**ਕਨੌਜ (ਉੱਤਰ ਪ੍ਰਦੇਸ਼),ਲੋਕ ਬਾਣੀ**---ਉੱਤਰ ਪ੍ਰਦੇਸ਼ ਦੇ ਕਨੌਜ ਵਿਚ ਮਕਾਨ ਡਿੱਗਣ ਨਾਲ 2 ਸਕੇ ਭਰਾਵਾਂ ਦੀ ਮੌਤ ਹੋ ਗਈ ਤੇ 4 ਜ਼ਖ਼ਮੀ ਹੋ ਗਏ। ਇਹ ਘਟਨਾ ਇੰਦਰਗੜ੍ਹ ਇਲਾਕੇ ਦੇ ਇਕ ਪਿੰਡ ਵਿਚ ਵਾਪਰੀ। ਐਸ.ਐਚ.ਓ. ਨੇ ਕਿਹਾ ਕਿ ਮਕਾਨ ਢਹਿਣ ਨਾਲ ਪਿੰਡ ਵਿਚ ਸਹਿਮ ਪਸਰ ਗਿਆ। ਜ਼ਖਮੀਆਂ ਨੂੰ ਰੈਫਰ ਕਰ ਦਿੱਤਾ ਹੈ। ਪੁਲਿਸ



ਨੇ ਦੱਸਿਆ ਕਿ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

## ਧਾਰਮਿਕ ਸਥਾਨ ਦੇ ਸਰੋਵਰ ਵਿੱਚ ਡੁੱਬਣ ਨਾਲ ਪਤੀ ਪਤਨੀ ਦੀ ਹੋਈ ਮੌਤ

**ਬਟਾਲਾ, ਲੋਕ ਬਾਣੀ**---ਥਾਣਾ ਕਾਦੀਆਂ ਅਧੀਨ ਪੈਂਦੇ ਪਿੰਡ ਲੀਲ੍ਹ ਕਲਾਂ ਵਿਖੇ ਅੱਜ ਇਕ ਮੰਦਭਾਗੀ ਘਟਨਾ ਸਾਹਮਣੇ ਆਈ ਹੈ। ਜਾਣਕਾਰੀ ਅਨੁਸਾਰ ਗੁਰਦੁਆਰਾ ਮੱਕਾ ਸਾਹਿਬ ਵਿਖੇ ਨਜ਼ਦੀਕੀ ਪਿੰਡ ਕੰਡੀਲੇ ਤੋਂ ਇਕ ਜੋੜਾ ਜੋ ਕਿ ਗੁਰਦੁਆਰਾ ਸਾਹਿਬ ਵਿਖੇ ਆਪਣੇ ਮੋਟਰਸਾਈਕਲ ਉਤੇ ਸਵਾਰ ਹੋ ਕੇ ਮੱਥਾ ਟੇਕਣ ਆਇਆ ਸੀ, ਜਦੋਂ ਪਤੀ ਸਰੋਵਰ ਵਿਚ ਇਸ਼ਨਾਨ ਕਰਨ ਲਈ ਵੜਿਆ ਤਾਂ ਅਚਾਨਕ ਉਹ ਡੁੱਬਣ ਲੱਗ ਪਿਆ ਤਾਂ ਉਸ ਦੀ ਪਤਨੀ ਨੇ ਆਪਣੀ ਚੁੰਨੀ ਨਾਲ ਉਸ ਨੂੰ



ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਵੀ ਪਤੀ ਦੇ ਮਗਰ ਸਰੋਵਰ ਦੇ ਪਾਣੀ ਵਿਚ ਡੁੱਬ ਗਈ। ਪਿੰਡ ਦੀ ਸੰਗਤ ਨੇ ਜਦੋਂ ਦੋਵੇਂ ਪਤੀ-ਪਤਨੀ ਦੀਆਂ ਲਾਸ਼ਾਂ ਤੈਰਦੀਆਂ ਵੇਖੀਆਂ ਤਾਂ ਸਾਰੇ ਹੀ ਖ਼ੌਫ਼ ਵਿਚ ਆ ਗਏ।

## ਇਕ ਅਕਤੂਬਰ ਤੋਂ ਅਨਾਜ ਮੰਡੀਆਂ ਰਖਿਆ ਜਾਣ ਗਿਆ ਬੰਦ

**ਬਠਿੰਡਾ, ਲੋਕ ਬਾਣੀ**--ਕੇਂਦਰ ਸਰਕਾਰ ਦੀਆਂ ਕਿਸਾਨ, ਆੜ੍ਹਤੀ ਅਤੇ ਮਜ਼ਦੂਰ ਮਾਰੂ ਨੀਤੀਆਂ ਤੋਂ ਦੁਖੀ ਹੋ ਕੇ ਪੰਜਾਬ ਭਰ ਦੇ ਆੜ੍ਹਤੀਆਂ ਨੇ 1 ਅਕਤੂਬਰ ਤੋਂ ਅਣਮਿੱਥੇ ਸਮੇਂ ਲਈ ਪੰਜਾਬ ਦੀਆਂ ਸਾਰੀਆਂ ਅਨਾਜ ਮੰਡੀਆਂ ਬੰਦ ਰੱਖਣ ਦਾ ਐਲਾਨ ਕਰ ਦਿੱਤਾ ਹੈ। ਇਹ ਜਾਣਕਾਰੀ ਆੜ੍ਹਤੀਆ ਐਸੋਸੀਏਸ਼ਨ ਰਾਮਾਂ



ਦੇ ਪ੍ਰਧਾਨ ਭੂਰਾ ਲਾਲ ਗਰਗ ਨੇ ਆੜ੍ਹਤੀਆਂ ਦੀ ਇਕ ਮੀਟਿੰਗ ਦੌਰਾਨ ਦਿੱਤੀ ਅਤੇ ਦੱਸਿਆ

## ਨਸ਼ਿਆਂ ਖ਼ਿਲਾਫ਼ ਮੁਹਿੰਮ ਤਹਿਤ 10 ਮੁਲਜ਼ਮ ਗ੍ਰਿਫ਼ਤਾਰ

**ਸੰਗਰੂਰ ਲੋਕ ਬਾਣੀ**--ਸੰਗਰੂਰ ਜ਼ਿਲ੍ਹਾ ਪੁਲੀਸ ਵਲੋਂ ਨਸ਼ਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਦੌਰਾਨ ਕਾਰਵਾਈ ਕਰਦੇ ਹੋਏ ਪਿਛਲੇ ਹਫਤੇ ਦੌਰਾਨ 9 ਕੇਸ ਦਰਜ ਕਰਕੇ 10 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਨ੍ਹਾਂ ਕੋਲੋਂ ਹੈਰੋਇਨ, ਸ਼ਰਾਬ ਠੇਕਾ ਦੇਸੀ, ਚਾਲੂ ਭੱਠੀ ਅਤੇ ਲਾਹਣ ਬਰਾਮਦ ਕੀਤੀ ਗਈ ਹੈ। ਜ਼ਿਲ੍ਹਾ ਪੁਲੀਸ ਮੁਖੀ ਸਰਤਾਜ ਸਿੰਘ ਚਾਹਲ ਨੇ



ਦੱਸਿਆ ਕਿ ਨਸ਼ਿਆਂ ਖ਼ਿਲਾਫ਼ ਚਲਾਈ ਮੁਹਿੰਮ ਤਹਿਤ 21 ਸਤੰਬਰ ਤੋਂ 27 ਸਤੰਬਰ ਤੱਕ ਡਰੱਗ ਦੇ 5 ਮੁਕੱਦਮੇ ਦਰਜ ਕਰਕੇ 6 ਵਿਅਕਤੀ ਕਾਬੂ ਕੀਤੇ ਗਏ, ਜਿਨ੍ਹਾਂ ਕੋਲੋਂ 21 ਗ੍ਰਾਮ ਹੈਰੋਇਨ, 6 ਕਿੱਲੋ ਭੁੱਕੀ ਬਰਾਮਦ ਕੀਤੀ।


DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS JALANDHAR CITY
www.dipsimt@gmail.com ( dipsimt@gmail.com )
CONTACT : 95010-00697, 97806-00998

ਪੱਤਰਕਾਰਾਂ ਲਈ ਸੁਨਹਿਰਾ ਮੌਕਾ
ਪੰਜਾਬ ਦੇ ਹਰ ਜਿਲੇ ਤੋਂ ਰੋਜ਼ਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਂਕ ਜਲੰਧਰ 99155-94111

# ਸਟੇਟਸ ਦਿਖਾਉਣ ਲਈ ਨਹੀਂ ਦਿੱਤੀ ਜਾ ਸਕਦੀ ਸੁਰੱਖਿਆ,ਹਾਈਕੋਰਟ ਨੇ ਪਟੀਸ਼ਨ ਕੀਤੀ ਖਾਰਜ




ਚੰਡੀਗੜ੍ਹ (ਲੋਕ ਬਾਣੀ)- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਵਕੀਲ ਵੱਲੋਂ ਕਮਾਂਡੋ ਸੁਰੱਖਿਆ ਦੀ ਮੰਗ ਕੀਤੀ ਗਈ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਰਾਜ ਸਰਕਾਰ ਦੇ ਖਰਚੇ ਤੇ ਕਿਸੇ ਵੀ ਵਿਅਕਤੀ ਨੂੰ ਸਿਰਫ਼ ਸਟੇਟਸ ਦਿਖਾਉਣ ਲਈ ਸੁਰੱਖਿਆ ਪ੍ਰਦਾਨ ਨਹੀਂ ਕੀਤੀ ਜਾ ਸਕਦੀ। ਅਦਾਲਤ ਨੇ ਕਿਹਾ ਕਿ ਜਦੋਂ ਤੱਕ ਕਿਸੇ ਸਮਰੱਥ ਅਧਿਕਾਰੀ ਦੁਆਰਾ ਇਹ ਸਾਬਤ ਨਹੀਂ ਕੀਤਾ ਜਾਂਦਾ ਕਿ ਸੁਰੱਖਿਆ ਦੀ ਮੰਗ ਨੂੰ ਜਾਇਜ਼ ਠਹਿਰਾਉਣ ਵਾਲੀ ਅਸਾਧਾਰਨ ਸਥਿਤੀ ਹੈ, ਉਦੋਂ ਤੱਕ ਨਿੱਜੀ ਵਿਅਕਤੀਆਂ ਨੂੰ ਸਰਕਾਰੀ ਸੁਰੱਖਿਆ ਪ੍ਰਦਾਨ ਕਰਨਾ ਉਚਿਤ ਨਹੀਂ ਹੈ। ਖਾਸ ਤੌਰ ਤੇ ਜੇਕਰ ਖ਼ਤਰਾ ਕਿਸੇ ਜਨਤਕ ਸੇਵਾ ਜਾਂ ਰਾਸ਼ਟਰੀ ਸੁਰੱਖਿਆ ਨਾਲ ਨਹੀਂ ਜੁੜਿਆ ਹੋਇਆ ਹੈ, ਤਾਂ ਸਰਕਾਰ ਲਈ ਟੈਕਸਦਾਤਾਵਾਂ ਦੇ ਪੈਸੇ ਨਾਲ ਵਿਸ਼ੇਸ਼ ਅਧਿਕਾਰ ਪ੍ਰਾਪਤ ਵਰਗ ਬਣਾਉਣਾ ਅਣਉਚਿਤ ਹੋਵੇਗਾ।

ਪਟੀਸ਼ਨਕਰਤਾ ਦਵਿੰਦਰਾ ਰਾਜਪੂਤ, ਜੋ ਆਪਣੇ ਆਪ ਨੂੰ ਸਿਆਸੀ ਸੰਗਠਨ ਸ਼ਿਵ ਸੈਨਾ ਦੇ ਪੰਜਾਬ ਲੀਗਲ ਸੈੱਲ ਦਾ ਪ੍ਰਧਾਨ ਦੱਸਦਾ ਹੈ, ਨੇ ਆਪਣੀ ਪਟੀਸ਼ਨ ਚ ਜਿਪਸੀ ਐਸਕਾਰਟਸ ਅਤੇ 5 ਕਮਾਂਡੋਜ਼ ਦੀ ਮੰਗ ਕੀਤੀ ਸੀ। ਉਨ੍ਹਾਂ ਦਾਅਵਾ ਕੀਤਾ ਕਿ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲੜਨ ਤੋਂ ਬਾਅਦ ਕੁਝ ਸਮਾਜ ਵਿਰੋਧੀ ਅਨਸਰ ਉਨ੍ਹਾਂ ਦੇ ਖ਼ਿਲਾਫ਼ ਹੋ ਗਏ ਹਨ ਅਤੇ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ। ਹਾਲਾਂਕਿ, ਪੁਲਿਸ ਜਾਂਚ ਵਿੱਚ ਪਟੀਸ਼ਨਕਰਤਾ ਨੂੰ ਕੋਈ ਅਸਲ ਖ਼ਤਰਾ ਨਹੀਂ ਮਿਲਿਆ ਅਤੇ ਉਸਨੂੰ ਪਹਿਲਾਂ ਹੀ ਅੰਤਰਿਮ ਉਪਾਅ ਵਜੋਂ 24 ਘੰਟਿਆਂ ਲਈ 2 ਪੁਲਿਸ ਕਰਮਚਾਰੀਆਂ ਦੀ ਸੁਰੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ।

ਅਦਾਲਤ ਨੇ ਹੁਕਮ ਚ ਕਿਹਾ ਕਿ ਪਟੀਸ਼ਨਰ ਨੇ ਕਿਤੇ ਵੀ ਇਹ ਨਹੀਂ ਦੱਸਿਆ ਕਿ ਉਸ ਨੂੰ ਕਿਸ ਵਿਅਕਤੀ, ਗੈਂਗਸਟਰ ਜਾਂ ਅੱਤਵਾਦੀ ਤੋਂ ਖਤਰਾ ਹੈ। ਅਦਾਲਤ ਨੇ ਕਿਹਾ ਕਿ ਸਿਰਫ਼ ਚੋਣ ਲੜਨ ਜਾਂ ਕੋਈ ਵਿਸ਼ੇਸ਼ ਬਿਆਨ ਦੇਣ ਦੇ ਆਧਾਰ ਤੇ ਸੂਬੇ ਚ ਵਿਸ਼ੇਸ਼ ਅਧਿਕਾਰ ਪ੍ਰਾਪਤ ਵਿਅਕਤੀਆਂ ਦਾ ਵਰਗ ਨਹੀਂ ਬਣਾਇਆ ਜਾ ਸਕਦਾ। ਪੰਜਾਬ ਸਰਹੱਦੀ ਸੂਬਾ ਹੋਣ ਕਰਕੇ ਪਹਿਲਾਂ ਹੀ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਸੂਬੇ ਦੇ ਸਾਧਨ ਸੀਮਤ ਹਨ। ਰਾਜ ਨੂੰ ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ ਲਈ ਆਪਣੀ ਪੁਲਿਸ ਦੀਆਂ ਸੇਵਾਵਾਂ ਦੀ ਲੋੜ ਹੁੰਦੀ ਹੈ, ਅਤੇ ਬੇਲੋੜੀ ਸੁਰੱਖਿਆ ਪ੍ਰਦਾਨ ਕਰਨਾ ਉਚਿਤ ਨਹੀਂ ਹੋਵੇਗਾ।


# ਵਰਧਮਾਨ ਗਰੁੱਪ ਦੇ ਮਾਲਕ ਨਾਲ 7 ਕਰੋੜ ਦੀ ਧੋਖਾਧੜੀ, SC ਦੇ ਨਾਂ ਤੇ ਜਾਇਦਾਦ ਸੀਲ ਕਰਨ ਦੇ ਫਰਜ਼ੀ ਆਰਡਰ-ਵਾਰੰਟ ਦਿਖਾ ਕੇ ਡਰਾਇਆ



ਚੰਡੀਗੜ੍ਹ (ਲੋਕ ਬਾਣੀ)- ਮਸ਼ਹੂਰ ਟੈਕਸਟਾਈਲ ਸਪਿਨਿੰਗ ਕੰਪਨੀ ਵਰਧਮਾਨ ਗਰੁੱਪ ਦੇ ਚੇਅਰਮੈਨ ਐਸਪੀ ਓਸਵਾਲ ਨਾਲ 7 ਕਰੋੜ ਰੁਪਏ ਦੀ ਧੋਖਾਧੜੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਧੋਖੇਬਾਜ਼ਾਂ ਨੇ ਸੁਪਰੀਮ ਕੋਰਟ ਦੇ ਹੁਕਮਾਂ ਦੇ ਨਾਂ ਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਅਤੇ ਮਾਣਹਾਨੀ ਦੀ ਧਮਕੀ ਦਿੱਤੀ। ਉਨ੍ਹਾਂ ਨੂੰ ਜਾਇਦਾਦ ਸੀਲ ਕਰਨ ਅਤੇ ਗ੍ਰਿਫਤਾਰ ਕਰਨ ਲਈ ਫਰਜ਼ੀ ਵਾਰੰਟ ਭੇਜੇ। ਜਿਸ ਤੋਂ ਬਾਅਦ ਉਨ੍ਹਾਂ ਤੋਂ ਪੈਸੇ ਲੈ ਲਏ ਗਏ। ਜਦੋਂ ਐਸਪੀ ਓਸਵਾਲ ਨੂੰ ਇਸ ਧੋਖਾਧੜੀ ਦੀ ਭਣਕ ਲੱਗੀ ਤਾਂ ਉਨ੍ਹਾਂ ਨੇ ਲੁਧਿਆਣਾ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ। ਪੁਲੀਸ ਨੇ ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰਕੇ ਇੱਕ ਠੱਗ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਦੱਸਣਯੋਗ ਹੈ ਕਿ ਵਰਧਮਾਨ ਗਰੁੱਪ ਦੇ ਮਾਲਕ ਐਸਪੀ ਓਸਵਾਲ ਨੂੰ ਕੇਂਦਰ ਸਰਕਾਰ ਵੱਲੋਂ ਸਾਲ 2010 ਵਿੱਚ ਪਦਮ ਭੂਸ਼ਣ ਐਵਾਰਡ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਵਰਧਮਾਨ ਗਰੁੱਪ ਦੇਸ਼ ਦੀਆਂ ਮਸ਼ਹੂਰ ਕੰਪਨੀਆਂ ਵਿੱਚੋਂ ਇੱਕ ਹੈ। ਅੱਜ ਭਾਰਤ ਤੋਂ ਇਲਾਵਾ ਵਿਦੇਸ਼ਾਂ ਵਿੱਚ ਵੀ ਇਸ ਗਰੁੱਪ ਦੀਆਂ ਕਈ ਸ਼ਾਖਾਵਾਂ ਹਨ।

# ਚੰਡੀਗੜ੍ਹ ਚ 1900 ਸੋਸ਼ਲ ਮੀਡੀਆ ਅਕਾਊਟ ਤੇ ਪਾਬੰਦੀ, ਸਾਈਬਰ ਅਪਰਾਧੀਆਂ ਅਤੇ ਗੰਨ ਕਲਚਰ ਤੇ ਕੱਸਿਆ ਸ਼ਿਕੰਜਾ




ਚੰਡੀਗੜ੍ਹ (ਲੋਕ ਬਾਣੀ)- ਚੰਡੀਗੜ੍ਹ ਸਾਈਬਰ ਸੈੱਲ ਨੇ ਕਾਰਵਾਈ ਕਰਦੇ ਹੋਏ ਗੈਂਗਸਟਰਾਂ ਅਤੇ ਗਨ ਕਲਚਰ ਦਾ ਪ੍ਰਚਾਰ ਕਰਨ ਵਾਲੇ 1900 ਤੋਂ ਵੱਧ ਸੋਸ਼ਲ ਮੀਡੀਆ ਅਕਾਊਂਟ ਬੰਦ ਕਰ ਦਿੱਤੇ ਹਨ। ਇਹ ਖਾਤੇ ਜੁਰਮਾਂ ਦੀ ਵਡਿਆਈ ਕਰਕੇ ਨੌਜਵਾਨ ਪੀੜ੍ਹੀ ਨੂੰ ਗਲਤ ਦਿਸ਼ਾ ਵੱਲ ਪ੍ਰੇਰਿਤ ਕਰ ਰਹੇ ਸਨ। ਇਸ ਕਦਮ ਦਾ ਉਦੇਸ਼ ਚੰਡੀਗੜ੍ਹ ਅਤੇ ਇਸ ਦੇ ਆਸ-ਪਾਸ ਦੇ ਖੇਤਰਾਂ ਵਿੱਚ ਵਧ ਰਹੇ ਗੈਂਗਸਟਰਾਂ ਦੇ ਪ੍ਰਭਾਵ ਨੂੰ ਘਟਾਉਣਾ ਅਤੇ ਅਪਰਾਧਾਂ ਨੂੰ ਰੋਕਣਾ ਹੈ।ਚੰਡੀਗੜ੍ਹ ਵਿੱਚ ਹਾਲ ਹੀ ਦੇ ਸਾਲਾਂ ਵਿੱਚ ਗੈਂਗਸਟਰਾਂ ਨਾਲ ਜੁੜੇ ਕਈ ਗੰਭੀਰ ਅਪਰਾਧ ਸਾਹਮਣੇ ਆਏ ਹਨ। ਇਨ੍ਹਾਂ ਵਿਚ ਸੋਨੂੰ ਸ਼ਾਹ ਅਤੇ ਬਾਊਂਸਰ ਸੁਰਜੀਤ ਦੇ ਕਤਲ ਵਰਗੀਆਂ ਘਟਨਾਵਾਂ ਸ਼ਾਮਲ ਹਨ, ਜਿਨ੍ਹਾਂ ਨੂੰ ਗੈਂਗਸਟਰਾਂ ਨੇ ਅੰਜਾਮ ਦਿੱਤਾ ਅਤੇ ਫਿਰ ਸੋਸ਼ਲ ਮੀਡੀਆ ਤੇ ਆਪਣੀ ਜ਼ਿੰਮੇਵਾਰੀ ਕਬੂਲ ਕੀਤੀ। ਹੁਣ ਚੰਡੀਗੜ੍ਹ ਪੁਲਿਸ ਨੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਸੋਸ਼ਲ ਮੀਡੀਆ ਤੇ ਇਨ੍ਹਾਂ ਗਤੀਵਿਧੀਆਂ ਨੂੰ ਰੋਕਣ ਲਈ ਵਿਸ਼ੇਸ਼ ਕਦਮ ਚੁੱਕੇ ਹਨ।

ਅਪਰਾਧੀਆਂ ਨੇ ਫੇਸਬੁੱਕ, ਐਕਸ, ਇੰਸਟਾਗ੍ਰਾਮ ਅਤੇ ਯੂਟਿਊਬ ਵਰਗੇ ਪਲੇਟਫਾਰਮਾਂ ਦੀ ਵਰਤੋਂ ਕਰਕੇ ਆਪਣੀਆਂ ਧਮਕੀਆਂ ਫੈਲਾਉਣ ਦਾ ਨਵਾਂ ਤਰੀਕਾ ਅਪਣਾਇਆ ਹੈ। ਉਹ ਅਪਰਾਧ ਕਰਨ ਤੋਂ ਬਾਅਦ ਧਮਕੀ ਭਰੇ ਵੀਡੀਓ ਅਤੇ ਤਸਵੀਰਾਂ ਪੋਸਟ ਕਰਕੇ ਸਮਾਜ ਵਿੱਚ ਡਰ ਪੈਦਾ ਕਰਦੇ ਸਨ। ਇਸ ਡਰ ਤੋਂ ਜਬਰੀ ਵਸੂਲੀ ਅਤੇ ਹੋਰ ਅਪਰਾਧ ਕੀਤੇ ਜਾ ਰਹੇ ਸਨ, ਜਿਸ ਨੂੰ ਹੁਣ ਸਾਈਬਰ ਸੈੱਲ ਦੀ ਇਸ ਕਾਰਵਾਈ ਨਾਲ ਰੋਕਿਆ ਜਾ ਰਿਹਾ ਹੈ।

# ਵਾਘਾ ਬਾਰਡਰ ਤੇ ਰਿਟਰੀਟ ਸੈਰਾਮਨੀ ਦੇਖਣ ਗਈ ਲੜਕੀ ਨਾਲ ਹੋਈ ਲੁੱਟ ਮਾਮਲੇ ਚ ਪੁਲਿਸ ਨੇ ਤਿੰਨ ਆਰੋਪੀਆਂ ਨੂੰ ਕੀਤਾ ਕਾਬੂ

ਅੰਮ੍ਰਿਤਸਰ-(ਲੋਕ ਬਾਣੀ) ਅੰਮ੍ਰਿਤਸਰ ਵਿੱਚ ਲਗਾਤਾਰ ਹੀ ਲੁੱਟਦੀਆਂ ਵਾਰਦਾਤਾਂ ਵਧਦੀਆਂ ਦਿਖਾਈ ਦੇ ਰਹੀਆਂ ਹਨ। ਤਾਜ਼ਾ ਮਾਮਲਾ ਅੰਮ੍ਰਿਤਸਰ ਥਾਣਾ ਛੇਹਰਟਾ ਅਧੀਨ ਆਉਂਦੇ ਇਲਾਕੇ ਦਾ ਹੈ। ਜਿੱਥੇ ਕਿ ਇਜ਼ਰਾਈਲ ਤੋਂ ਆਈ ਇੱਕ ਲੜਕੀ ਅਟਾਰੀ ਬਾਰਡਰ ਤੇ ਰਿਟ੍ਰੀਟ ਸੈਰਾਮਨੀ ਦੇਖਣ ਜਾ ਰਹੀ ਸੀ, ਕਿ ਲੜਕੀ ਨਾਲ ਤਿੰਨ ਨੌਜਵਾਨਾਂ ਵੱਲੋਂ ਲੁੱਟ ਦੀ ਵਾਰਦਾਤ ਨੂੰ ਉਸ ਸਮੇਂ ਅੰਜਾਮ ਦਿੱਤਾ ਜਦੋਂ ਐਨਆਰਆਈ ਲੜਕੀ ਆਟੋ ਵਿੱਚ ਬੈਠ ਕੇ ਅਟਾਰੀ ਜਾ ਰਹੀ ਸੀ ਤਾਂ ਇਸ ਦੌਰਾਨ ਦੋ ਲੁਟੇਰਿਆਂ ਵੱਲੋਂ ਲੜਕੀ ਦਾ ਪਰਸ ਖੋਇਆ ਗਿਆ ।ਜਿਸ ਕਾਰਨ ਲੜਕੀ ਆਟੋ ਚੋਂ ਹੇਠਾਂ ਡਿੱਗ ਗਈ ਤੇ ਉਸਦੇ ਮਾਮੂਲੀ ਸੱਟਾਂ ਵੀ ਲੱਗੀਆਂ ਅਤੇ ਇਸ ਬਾਰੇ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਨੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਰਸ ਦੇ ਵਿੱਚ ਐਨਆਰਆਈ ਲੜਕੀ ਦੇ ਜ਼ਰੂਰੀ ਦਸਤਾਵੇਜ਼ ਸਮੇਤ ਤਿੰਨ ਹਜਾਰ ਦੇ ਕਰੀਬ ਕੈਸ਼ ਵੀ ਸੀ ਅਤੇ ਪੁਲਿਸ ਨੇ ਕਾਰਵਾਈ ਕਰਦੇ ਹੋਏ ਦੋ ਆਰੋਪੀਆਂ ਨੂੰ ਕਾਬੂ ਕਰਨ ਦੇ ਵਿੱਚ ਸਫਲਤਾ ਹਾਸਿਲ ਕੀਤੀ ਹੈ।

ਅੰਮ੍ਰਿਤਸਰ ਪੁਲਿਸ ਕਮਿਸ਼ਨਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕਾਬੂ ਕੀਤੇ ਗਏ ਤਿੰਨ ਵਿਅਕਤੀਆਂ ਦੇ ਵਿੱਚੋਂ ਇੱਕ ਨਾਬਾਲਗ ਨੌਜਵਾਨ ਵੀ ਹੈ ਅਤੇ ਇਹਨਾਂ ਲੁਟੇਰਿਆਂ ਦੇ ਕੋਲੋਂ ਐਨਆਰਆਈ ਲੜਕੀ ਦੇ ਪਾਸਪੋਰਟ ਬਰਾਮਦ ਨਹੀਂ ਹੋਏ ਜਿਸ ਕਾਰਨ ਪੁਲਿਸ ਨੇ ਐਫ ਆਈਆਰ ਦਰਜ ਕਰਕੇ ਅੰਬੈਸੀ ਨੂੰ ਲਿਖ ਕੇ ਭੇਜਿਆ ਜਿਸ ਕਾਰਨ ਐਨਆਰਆਈ ਲੜਕੀ ਨੂੰ ਮੌਕੇ ਤੇ ਹੀ ਪਾਸਪੋਰਟ ਮੁਹਈਆ ਕਰਵਾਇਆ ਜਾਵੇਗਾ।



ਦੂਜੇ ਪਾਸੇ ਇਜਰਾਇਲ ਤੋਂ ©♣9 ਲੜਕੀ ਨੇ ਵੀ ਅੰਮ੍ਰਿਤਸਰ ਪੁਲਿਸ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੰਮ੍ਰਿਤਸਰ ਪੁਲਿਸ ਨੇ ਬੜੀ ਮੁਸ਼ਤੈਤੀ ਦੇ ਨਾਲ ਲੁਟੇਰਿਆਂ ਨੂੰ ਕਾਬੂ ਕਰਕੇ ਉਸ ਦੀ ਮਦਦ ਕੀਤੀ ਹੈ ਜਿਸ ਦੇ ਲਈ ਅੰਮ੍ਰਿਤਸਰ ਪੁਲਿਸ ਦਾ ਤਹਿ ਦਿਲੋਂ ਧੰਨਵਾਦ ਕਰਦੀ ਹੈ।

# ਜੰਮੂ ਚ ਸਟੇਜ ਤੇ ਭਾਸ਼ਣ ਦੌਰਾਨ ਅਚਾਨਕ ਬੇਹੋਸ਼ ਹੋਏ ਕਾਂਗਰਸ ਪ੍ਰਧਾਨ ਖੜਗੇ: ਕਿਹਾ- ਇੰਨੀ ਜਲਦੀ ਮਰਨ ਵਾਲਾ ਨਹੀਂ;

ਜੰਮੂ-(ਲੋਕ ਬਾਣੀ) ਕਸ਼ਮੀਰ ਦੇ ਕਠੂਆ ਜ਼ਿਲੇ ਚ ਇਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਸਟੇਜ ਤੇ ਹੀ ਬੇਹੋਸ਼ ਹੋ ਗਏ। ਖੜਗੇ ਕੱਲ੍ਹ ਕਠੂਆ ਵਿੱਚ ਉਸ ਕਾਂਸਟੇਬਲ ਨੂੰ ਸ਼ਰਧਾਂਜਲੀ ਦੇ ਰਹੇ ਸਨ, ਜਿਸ ਦੀ ਸਿਹਤ ਵਿਗੜ ਗਈ ਸੀ। ਭਾਸ਼ਣ ਦਿੰਦੇ ਸਮੇਂ ਖੜਗੇ ਦੀ ਆਵਾਜ਼ ਕਮਜ਼ੋਰ ਹੋ ਗਈ ਅਤੇ ਉਹ ਅਚਾਨਕ ਬੇਹੋਸ਼ ਹੋ ਗਏ। ਇਸ ਕਾਰਨ ਭੀੜ ਵਿੱਚ ਹਫੜਾ-ਦਫੜੀ ਮੱਚ ਗਈ। ਸਟੇਜ ਤੇ ਖੜ੍ਹੇ ਲੋਕਾਂ ਨੇ ਉਸ ਦਾ ਸਮਰਥਨ ਕੀਤਾ ਅਤੇ ਉਸ ਨੂੰ ਬਿਠਾਇਆ। ਇਸ ਤੋਂ ਬਾਅਦ ਉਨ੍ਹਾਂ ਦੀ ਬੋਲਤੀ ਬੰਦ ਕਰ ਦਿੱਤੀ ਗਈ।

ਠੀਕ ਹੋਣ ਤੋਂ ਬਾਅਦ ਖੜਗੇ ਸਟੇਜ ਤੇ ਵਾਪਸ ਆਏ ਅਤੇ ਕਿਹਾ ਕਿ ਮੈਂ 83 ਸਾਲ ਦਾ ਹੋ ਗਿਆ ਹਾਂ। ਪਰ ਮੈਂ ਇੰਨੀ ਜਲਦੀ ਮਰਨ ਵਾਲਾ ਨਹੀਂ ਹਾਂ। ਜਦੋਂ ਤੱਕ ਮੋਦੀ ਨੂੰ ਹਟਾਇਆ ਨਹੀਂ ਜਾਂਦਾ, ਮੈਂ ਜਿੰਦਾ ਰਹਾਂਗਾ। ਮੈਂ ਤੁਹਾਨੂੰ ਸੁਣਦਾ ਰਹਾਂਗਾ। ਮੈਂ ਜੰਮੂ-ਕਸ਼ਮੀਰ



ਨੂੰ ਪੂਰਨ ਰਾਜ ਦਾ ਦਰਜਾ ਦੇਣ ਦੀ ਵਕਾਲਤ ਕਰਦਾ ਰਹਾਂਗਾ।

# ਲਾਰਿਆਂ ਤੋ ਅੱਕੇ ਐਨ ਪੀ ਐਸ ਮੁਲਾਜ਼ਮਾਂ ਨੇ ਗੰਭੀਰਪੁਰ ਧਰਨੇ ਤੋਂ ਬਾਅਦ ਸਿੱਖਿਆ ਮੰਤਰੀ ਦੀ ਕੋਠੀ ਵੱਲ ਕੀਤਾ ਮਾਰਚ

ਸ੍ਰੀ ਅਨੰਦਪੁਰ ਸਾਹਿਬ (ਦਵਿੰਦਰਪਾਲ ਸਿੰਘ): ਅੱਜ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਜਿਲਾ ਰੂਪਨਗਰ ਦੇ ਕਨਵੀਨਰ ਗੁਰਿੰਦਰ ਪਾਲ ਸਿੰਘ ਖੇੜੀ ਅਤੇ ਸੂਬਾ ਪ੍ਰੈਸ ਸਕੱਤਰ ਪ੍ਰੇਮ ਸਿੰਘ ਠਾਕੁਰ ਦੀ ਅਗਵਾਈ ਵਿੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਰਿਹਾਇਸ਼ ਦਾ ਘਰਾਓ ਕਰਨ ਲਈ ਗੰਭੀਰਪੁਰ ਧਰਨੇ ਤੋਂ ਬਾਅਦ ਰੋਸ ਮਾਰਚ ਕਰਦੇ ਐਨਪੀਐਸ ਮੁਲਾਜ਼ਮਾ ਨੂੰ ਪੁਲਿਸ ਨੇ ਬੈਰੀਗੇਟ ਲਗਾ ਕੇ ਰੋਕਿਆ ਅਤੇ ਨਾਇਬ ਤਹਸੀਲਦਾਰ ਨੇ ਇਸ ਮੌਕੇ ਮੰਗ ਪੱਤਰ ਲਿਆ, ਇਸ ਮੌਕੇ ਡੀਐਸਪੀ ਅਜੇ ਸਿੰਘ ਅਤੇ ਡੀਐਸਪੀ ਨੰਗਲ ਦੀ ਅਗਵਾਈ ਵਿੱਚ ਭਾਰੀ ਸੁਰੱਖਿਆ ਬਲ ਤੈਨਾਤ ਸੀ !



ਇਸ ਮੌਕੇ ਗੁਰਿੰਦਰ ਪਾਲ ਸਿੰਘ ਖੇੜੀ, ਪ੍ਰੇਮ ਸਿੰਘ ਠਾਕੁਰ ਗੌਰਮੈਂਟ ਟੀਚਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਗੁਰਵਿੰਦਰ ਸਿੰਘ ਸਸਕੌਰ ਅਤੇ ਬਲਵਿੰਦਰ ਸਿੰਘ ਲੋਦੀਪੁਰ ਨੇ ਬੋਲਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਚੋਣਾਂ ਸਮੇਂ ਪੁਰਾਣੀ ਪੈਨਸ਼ਨ ਬਹਾਲੀ ਦੇ ਕੀਤੇ ਵਾਅਦੇ ਤੋਂ ਭੱਜ ਗਈ ਹੈ ਅਤੇ ਪੁਰਾਣੀ ਪੈਨਸ਼ਨ ਬਹਾਲੀ ਦੇ ਐਲਾਨ ਤੋਂ ਕਰੀਬ ਦੋ ਸਾਲ ਬਾਅਦ ਵੀ ਸੂਬਾ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਸਬੰਧੀ ਐਸਓਪੀ ਜਾਰੀ ਨਹੀਂ ਕੀਤੀ ਜਿਸ ਦੇ ਕਾਰਨ ਪੰਜਾਬ ਦੇ 2 ਲੱਖ ਤੋਂ ਵੱਧ ਮੁਲਾਜ਼ਮਾਂ ਦੇ ਵਿੱਚ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ ਅਤੇ ਹੁਣ ਇਸ ਡੰਗ ਟਪਾਉ ਨੀਤੀ ਤੋਂ ਅੱਕੇ ਮੁਲਾਜ਼ਮਾਂ ਨੇ ਸਰਕਾਰ ਖ਼ਿਲਾਫ਼ ਮੋਰਚਾ ਖੋਲ ਦਿੱਤਾ ਹੈ ,ਇਸ ਮੌਕੇ ਉਹਨਾਂ ਨੇ ਬੋਲਦਿਆ ਕਿਹਾ ਕਿ ਜੇਕਰ ਐਨ ਪੀ ਐਸ ਜਾ ਯੂ ਪੀ ਐਸ ਸਕੀਮ ਇੰਨੀ ਵਧੀਆਂ ਹੈ ਤਾਂ 2004 ਤੋਂ ਬਾਅਦ ਚੁਣੇ ਜਾਂਦੇ ਵਿਧਾਇਕ,ਐਮ ਪੀ,ਮੁੱਖ ਮੰਤਰੀ ਜਾਂ ਪ੍ਰਧਾਨ ਮੰਤਰੀ ਇਸ ਸਕੀਮ ਨੂੰ ਕਿਉਂ ਨਹੀਂ ਅਪਣਾ ਲੈਂਦੇ।

ਇਸ ਮੌਕੇ ਗੋਪਾਲ ਸ਼ਰਮਾ ਸਰਕਲ ਪ੍ਰਧਾਨ ਪੈਨਸ਼ਨ ਐਸੋਸੀਏਸ਼ਨ , ਬਲਵਿੰਦਰ ਸਿੰਘ ਰੈਲੋਂ ਅਤੇ ਗੁਰਪ੍ਰੀਤ ਸਿੰਘ ਗਿੱਲ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਵੱਡੇ ਵੱਡੇ ਕੰਮਾਂ ਨੂੰ ਥੋੜੇ ਸਮੇਂ ਵਿੱਚ ਕਰਕੇ ਦਿਖਾਉਣ ਦਾ ਦਾਅਵਾ ਕਰਦੀ ਹੈ ਪਰ ਖੁਦ ਦੇ ਪੁਰਾਣੀ ਪੈਂਨਸ਼ਨ ਬਹਾਲੀ ਸਬੰਧੀ ਲਿਖਤੀ ਕੀਤੇ ਵਾਅਦੇ ਨੂੰ ਦੋ ਸਾਲ ਹੋ ਚਲੇ ਹੈ ਤੇ ਮੁੱਖਮੰਤਰੀ ਦੇ ਐਲਾਨ ਨੂੰ ਵੀ ਦੋ ਸਾਲ ਹੋ ਗਏ ਹਨ ਪਰ ਸਰਕਾਰ ਅਮਲੀ ਜਾਮਾ ਪਾਉਣ ਲਈ ਨਾਕਾਮ ਰਹੀ ਹੈ। ਜਦੋਂ ਕਿ ਗਵਾਂਢੀ ਸੂਬੇ ਦੀ ਸਰਕਾਰ ਨੇ ਬਾਅਦ ਵਿੱਚ ਸਰਕਾਰ ਬਣਾ ਕੇ ਵਾਅਦਾ ਪੂਰਾ ਕਰ ਵਿਖਾਇਆ ਹੈ। ਉਹਨਾਂ ਨੇ ਕਿਹਾ ਕਿ ਸੂਬਾ ਸਰਕਾਰ ਜਲਦੀ ਤੋਂ ਜਲਦੀ ਪੁਰਾਣੀ ਪੈਨਸ਼ਨ ਬਹਾਲੀ ਦੇ ਸੰਬੰਧ ਵਿੱਚ ਐਸਓਪੀ ਜਾਰੀ ਕਰਕੇ ਮੁਲਾਜ਼ਮਾਂ ਦੇ ਐਨਪੀਐਸ ਖਾਤੇ ਬੰਦ ਕਰਕੇ ਜੀਪੀਐਫ ਖਾਤੇ ਖੋਲੇ ਜਾਵੇ ,

ਜਦੋਂ ਪੁਲਿਸ ਨੇ ਐਨਪੀਐਸ ਮੁਲਾਜ਼ਮਾਂ ਨੂੰ ਰੋਸ ਦੌਰਾਨ ਵੈਰੀਗੇਟ ਲਗਾ ਕੇ ਰੋਕਿਆ ਤਾਂ ਇਸ ਮੌਕੇ ਅੰਗਦਪ੍ਰੀਤ ਸਿੰਘ ਨਾਇਬ ਤਹਿਸੀਲਦਾਰ ਨੇ ਆ ਕੇ ਮੰਗ ਪੱਤਰ ਲਿਆ ਅਤੇ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ,

ਇਸ ਮੌਕੇ ਗੋਪਾਲ ਸ਼ਰਮਾ ਪੈਨਸ਼ਨਰ ਸਰਕਲ ਪ੍ਰਧਾਨ ਪਾਵਰਕੌਮ , ਗੁਰਵਿੰਦਰ ਸਿੰਘ ਸਸਕੌਰ ਸੂਬਾ ਜਨਰਲ ਸਕੱਤਰ ਗੌਰਮੈਂਟ ਟੀਚਰ ਯੂਨੀਅਨ,ਬਲਵਿੰਦਰ ਸਿੰਘ ਰੈਲੋਂ , ਗੁਰਪ੍ਰੀਤ ਸਿੰਘ ਗਿੱਲ,ਹਰਭਜਨ ਸਿੰਘ, ਹਰਪ੍ਰੀਤ ਸਿੰਘ ,ਓਮ ਪ੍ਰਕਾਸ਼ ,ਕੁਲਵੀਰ ਸਿੰਘ, ਰਾਮ ਰਾਣਾ, ਅਵਤਾਰ ਸਿੰਘ ,ਹਰਨੇਕ ਸਿੰਘ, ਅਜੇ ਕੁਮਾਰ ,ਮਨੀਸ਼ ਕੁਮਾਰ, ਬਖਸ਼ੀਸ਼ ਸਿੰਘ ਗੱਜਪੁਰ, ਉਮਰਾਓ ਸਿੰਘ, ਕੁਲਵੰਤ ਸਿੰਘ, ਰਾਜੀਵ ਕੁਮਾਰ, ਸੁਨੀਲ ਸੈਣੀ ,ਅੰਮ੍ਰਿਤ ਪਾਲ ਸਿੰਘ, ਹਰਨੇਕ ਸਿੰਘ, ਗਗਨ ਕੁਮਾਰ, ਕੁਲਵਿੰਦਰ ਸਿੰਘ ,ਰਵਿੰਦਰ ਸਿੰਘ ਬੈਂਸ, ਅਸ਼ੋਕ ਕੁਮਾਰ ਰਾਮਪੁਰ, ਰਾਮ ਦਾਸ, ਹਰਮੇਸ਼ ਕੁਮਾਰ ਸੈਣੀ, ਜੋਗਿੰਦਰ ਸਿੰਘ, ਰਾਜਿੰਦਰ ਕੁਮਾਰ, ਗੁਰਪ੍ਰੀਤ ਸਿੰਘ ਡੂਮੇਵਾਲ, ਰੁਪਿੰਦਰ ਸਿੰਘ ਖੇੜਾ ਆਦਿ ਹਾਜ਼ਰ ਸਨ।

# ਮੁੱਖ ਮੰਤਰੀ ਮਾਨ ਦਾ ਹਾਲ-ਚਾਲ ਜਾਣਨ ਲਈ ਫੋਰਟਿਸ ਹਸਪਤਾਲ ਪੁੱਜੇ MLA ਪ੍ਰਗਟ ਸਿੰਘ, ਕਿਹਾ-CM ਦੀ ਸਿਹਤ ਚ ਸੁਧਾਰ ਹੋ ਰਿਹਾ ਹੈ



ਮੋਹਾਲੀ-(ਲੋਕ ਬਾਣੀ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪਿਛਲੇ 3 ਦਿਨਾਂ ਤੋਂ ਮੋਹਾਲੀ ਦੇ ਫੋਰਟਿਸ ਹਸਪਤਾਲ ਚ ਦਾਖਲ ਹਨ। ਅੱਜ ਕਾਂਗਰਸੀ ਆਗੂ ਪਰਗਟ ਸਿੰਘ ਹਸਪਤਾਲ ਵਿੱਚ ਉਨ੍ਹਾਂ ਨੂੰ ਮਿਲਣ ਆਏ ਸਨ। ਮੁਲਾਕਾਤ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਸਿਹਤ ਚ ਹੁਣ ਸੁਧਾਰ ਹੋ ਰਿਹਾ ਹੈ। ਉਨ੍ਹਾਂ ਨੇ ਮੁੱਖ ਮੰਤਰੀ ਨਾਲ ਗੱਲ ਕੀਤੀ ਹੈ। ਉਮੀਦ ਹੈ ਕਿ ਉਨ੍ਹਾਂ ਨੂੰ ਇਕ-ਦੋ ਦਿਨਾਂ ਵਿਚ ਛੁੱਟੀ ਮਿਲ ਜਾਵੇਗੀ। ਇਸ ਦੌਰਾਨ ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਵੱਲੋਂ ਇਸ ਮੌਕੇ ਤੇ ਭਗਵੰਤ ਮਾਨ ਨੂੰ ਨਾ ਮਿਲਣ ਆਉਣਾ, ਨਾ ਹੀ ਓਹਨਾਂ ਦੀ ਸਿਹਤਯਾਬੀ ਲਈ ਲਿਖਣਾ, ਇਹ ਨਿਰਾਸ਼ ਕਰਨ ਵਾਲਾ ਵਤੀਰਾ ਹੈ, ਇਹ ਸਾਡੇ ਪੰਜਾਬੀ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਨਾਲ ਮੇਲ ਨਹੀਂ ਖਾਂਦਾ, ਸਗੋਂ ਆਪ ਹਾਈ ਕਮਾਂਡ ਦੁਆਰਾ ਲਾਗੂ ਕੀਤਾ

# ਗੁਰਦਾਸਪੁਰ ਦੇ ਪਿੰਡ ਕਾਦੀਆ ਚ ਦੇਖਿਆ ਤੇਂਦੁਆ, ਦਹਿਸ਼ਤ ਦਾ ਮਾਹੌਲ, ਅਧਿਕਾਰੀਆਂ ਨੇ ਕਿਹਾ- ਸਾਵਧਾਨ ਰਹੋ !!



ਗੁਰਦਾਸਪੁਰ-(ਲੋਕ ਬਾਣੀ) ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਕਾਦੀਆ ਕਸਬੇ ਵਿੱਚ ਇੱਕ ਤੇਂਦੂਏ ਦੇ ਨਜ਼ਰ ਆਉਣ ਨਾਲ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਹਰਚੋਵਾਲ ਰੋਡ ਤੇ ਇਕ ਕਾਲੋਨੀ ਚ ਰਹਿਣ ਵਾਲੇ ਹਲੀਮ ਅਹਿਮਦ ਨੇ ਤੇਂਦੂਏ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ ਅਤੇ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੂੰ ਸੂਚਨਾ ਦਿੱਤੀ। ਜਿਸ ਤੋਂ ਬਾਅਦ ਜੰਗਲਾਤ ਵਿਭਾਗ ਦੇ ਅਧਿਕਾਰੀ ਸ਼ਕਤੀ ਕਪੂਰ ਨੇ ਨੇੜੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਤਾਂ ਉਸ ਵਿੱਚ ਤੇਦੂਏ ਵਰਗਾ ਜਾਨਵਰ ਦੇਖਿਆ ਗਿਆ।

ਜੰਗਲਾਤ ਵਿਭਾਗ ਦੇ ਅਧਿਕਾਰੀ ਸ਼ਕਤੀ ਕਪੂਰ ਨੇ ਪੁਸ਼ਟੀ ਕੀਤੀ ਹੈ ਕਿ ਇਹ ਤੇਂਦੂਆ ਹੈ ਅਤੇ ਇਲਾਕੇ ਦੇ ਲੋਕਾਂ ਖਾਸ ਕਰਕੇ ਬੱਚਿਆਂ ਨੂੰ ਚੌਕਸ ਰਹਿਣ ਲਈ ਕਿਹਾ ਗਿਆ ਹੈ। ਦੱਸ ਦਈਏ ਕਿ ਕਾਹਨੂੰਵਾਨ ਇਲਾਕੇ ਦੇ ਲੋਕ ਵੀ ਪਿਛਲੇ ਇਕ ਮਹੀਨੇ ਤੋਂ ਚੀਤੇ ਵਰਗਾ ਜਾਨਵਰ ਦੇਖਣ ਦਾ ਦਾਅਵਾ ਕਰ ਰਹੇ ਸਨ ਪਰ ਇਸ ਦੀ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ ਸੀ। ਹੁਣ ਅਧਿਕਾਰੀ ਨੇ ਇਸ ਨੂੰ ਤੇਂਦੂਆਂ ਹੋਣ ਦੀ ਪੁਸ਼ਟੀ ਕੀਤੀ ਹੈ

# ਸ਼੍ਰੀ ਅਨੰਦਪੁਰ ਸਾਹਿਬ ਦੇ ਨਜਦੀਕੀ ਪਿੰਡ ਬਹਿਲੂ ਦੀ ਬੀਬੀ ਮਨਿੰਦਰਜੀਤ ਕੋਰ ਨੂੰ ਸਰਬਸੰਮਤੀ ਨਾਲ ਚੁਣਿਆ ਸਰਪੰਚ

ਸ਼੍ਰੀ ਅਨੰਦਪੁਰ ਸਾਹਿਬ (ਦਵਿੰਦਰਪਾਲ ਸਿੰਘ): ਪੰਜਾਬ ਵਿੱਚ ਪੰਚਾਇਤੀ ਚੋਣਾਂ ਦੇ ਐਲਾਨ ਤੋਂ ਬਾਅਦ ਪਿੰਡਾਂ ਵਿੱਚ ਚੋਣਾਂ ਦਾ ਮੈਦਾਨ ਪੂਰੀ ਤਰਾਂ ਭਖ ਚੁੱਕਾ ਹੈ।ਕਈ ਪਿੰਡਾਂ ਵਿੱਚ ਜਿੱਥੇ ਚਾਹਵਾਨ ਵਿਅਕਤੀ ਮੈਦਾਨ ਵਿੱਚ ਨਿੱਤਰੇ ਹੋਏ ਹਨ ਉੱਥੇ ਹੀ ਸੂਬੇ ਦੇ ਕਈ ਪਿੰਡਾਂ ਵਿੱਚ ਸਰਬਸੰਮਤੀ ਨਾਲ ਸਰਪੰਚ ਚੁਣਨ ਦੀ ਪ੍ਰਕਿਰਿਆ ਵੀ ਸ਼ੁਰੂ ਹੋ ਚੁੱਕੀ ਹੈ।



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵੀ ਸੂਬੇ ਦੇ ਸਮੂਹ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਗਈ ਸੀ ਕਿ ਪਿੰਡਾਂ ਵਿੱਚ ਪਾਰਟੀਬਾਜੀ ਅਤੇ ਗੁੱਟਬਾਜੀ ਨੂੰ ਛੱਡ ਕੇ ਸਰਪੰਚ ਚੁਣੇ ਜਾਣ ਤਾਂ ਜੋ ਪਿੰਡ ਦਾ ਸਰਵਪੱਖੀ ਵਿਕਾਸ ਹੋ ਸਕੇ। ਇਸ ਦੀ ਤਾਜਾ ਉਦਾਹਰਨ ਸ਼੍ਰੀ ਅਨੰਦਪੁਰ ਸਾਹਿਬ ਦੇ ਨੇੜਲੇ ਪਿੰਡ ਬਹਿਲੂ ਵਿੱਚ ਵੀ ਦੇਖਣ ਨੂੰ ਮਿਲੀ ਹੈ। ਪਿੰਡ ਬਹਿਲੂ ਦੇ ਵਸਨੀਕਾਂ ਵੱਲੋਂ ਬੜੇ ਸ਼ਾਂਤਮਈ ਮਾਹੋਲ ਵਿੱਚ ਪਿੰਡ ਚ' ਇਕੱਠ ਕਰਕੇ ਸਰਬਸੰਮਤੀ ਨਾਲ ਪਿੰਡ ਦਾ ਸਰਪੰਚ ਚੁਣਿਆ ਗਿਆ ਹੈ ਅਤੇ ਪਿੰਡ ਵਾਸੀਆਂ ਵੱਲੋਂ ਮਨਿੰਦਰਜੀਤ ਕੋਰ ਨੂੰ ਸਰਪੰਚ,ਸਵਰਨੀ ਦੇਵੀ,ਸੁਖਵਿੰਦਰ ਸਿੰਘ,ਹਰਭਜਨ ਸਿੰਘ,ਪਰਮਿੰਦਰ ਕੋਰ,ਬਲਵਿੰਦਰ ਕੋਰ ਨੂੰ ਸਰਬਸੰਮਤੀ ਨਾਲ ਪੰਚ ਚੁਣਿਆ ਗਿਆ ਹੈ।ਨਵੇਂ ਬਣੇ ਸਰਪੰਚ ਮਨਿੰਦਰਜੀਤ ਕੋਰ ਨੇ ਸਮੂਹ ਪਿੰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਪਿੰਡ ਵਾਸੀਆਂ ਨੇ ਜੋ ਸੇਵਾ ਉਨਾਂ ਨੂੰ ਦਿੱਤੀ ਹੈ ਉਹ ਉਸਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।

ਜਿਕਰਯੋਗ ਹੈ ਕਿ ਮਨਿੰਦਰਜੀਤ ਕੋਰ ਆਮ ਆਦਮੀ ਪਾਰਟੀ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਦੇ ਨੋਜਵਾਨ ਆਗੂ ਜਗਜੀਤ ਸਿੰਘ ਬਹਿਲੂ ਦੇ ਧਰਮਪਤਨੀ ਹਨ। ਗੋਰਤਲਬ ਹੈ ਕਿ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਸੀ ਕਿ ਜਿਹੜੇ ਪਿੰਡ ਸਰਬਸੰਮਤੀ ਨਾਲ ਆਪਣਾ ਸਰਪੰਚ ਬਣਾਉਣਗੇ ਉਨਾਂ ਪਿੰਡਾਂ ਨੂੰ ਵਿਸ਼ੇਸ਼ ਤੋਰ ਤੇ 5 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇਗੀ ਤੇ ਸਰਕਾਰ ਵੱਲੋਂ ਹੋਰ ਵੀ ਕਈ ਬੁਨਿਆਦੀ ਸਹੂਲਤਾਂ ਪਹਿਲ ਦੇ ਆਧਾਰ ਤੇ ਦਿੱਤੀਆਂ ਜਾਣਗੀਆਂ।

# ਪੰਚਾਇਤੀ ਚੋਣਾਂ ਨੂੰ ਲੈ ਕੇ ਕਾਂਗਰਸੀਆਂ ਨੇ ਕੀਤੀ ਸ਼ੇਰਪੁਰ ਭਰਮੀ ਮੀਟਿੰਗ

## ਚੋਣਾਂ ਵਿੱਚ ਕਾਂਗਰਸੀ ਵਰਕਰਾਂ ਵੱਧ ਤੋਂ ਵੱਧ ਜਿਤਾਉਣ ਦੀ ਅਪੀਲ:ਮੌੜ/ਬੜੀ/ਖੈਰਾ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਪੰਚਾਇਤੀ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਕਮੇਟੀ ਬਲਾਕ ਸ਼ੇਰਪੁਰ ਦੀ ਅਹਿਮ ਮੀਟਿੰਗ ਬਲਾਕ ਪ੍ਰਧਾਨ ਜਸਮੇਲ ਸਿੰਘ ਬੜੀ ਦੀ ਰਹਿਨੁਮਾਈ ਹੇਠ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਬਹਾਦਰ ਸਿੰਘ ਢੰਡਾ ਦੇ ਗ੍ਰਹਿ ਸ਼ੇਰਪੁਰ ਵਿਖੇ ਹੋਈ ਹੋਈ। ਜਿਸ ਵਿੱਚ ਐੱਸ.ਸੀ.ਸੈੱਲ ਪੰਜਾਬ ਦੇ ਕੋਆਰਡੀਨੇਟਰ ਗੁਰਮੇਲ ਸਿੰਘ ਮੌੜ, ਬਨੀ ਖੈਰਾ, ਐਡਵੋਕੇਟ ਜਸਵੀਰ ਸਿੰਘ ਖੇੜੀ ਆਦਿ ਕੋਆਡੀਨੇਟਰਾਂ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਜਸਮੇਲ ਸਿੰਘ ਬੜੀ, ਗੁਰਮੇਲ ਸਿੰਘ ਮੌੜ, ਜਸਵੀਰ ਸਿੰਘ ਖੇੜੀ ਅਤੇ ਬਨੀ ਖੈਰਾ ਨੇ ਕਿਹਾ ਕਿ ਸਮੁੱਚੇ ਪੰਜਾਬ ਅੰਦਰ ਪੰਚਾਇਤੀ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ, ਇਸ ਲਈ ਸਾਨੂੰ ਵੀ ਚਾਹੀਦਾ ਹੈ ਕਿ ਪਿੰਡਾਂ ਅੰਦਰ ਆਪਣੇ ਪਾਰਟੀ ਵਰਕਰਾਂ ਨੂੰ ਵੱਧ ਤੋਂ ਵੱਧ ਪੰਚ ਅਤੇ ਸਰਪੰਚ ਬਣਾਉਣ ਵਿੱਚ ਉਹਨਾਂ ਨੂੰ ਪ੍ਰੇਰਤ ਕਰਦੇ ਹੋਏ ਆਪਣੇ ਨੁਮਾਇੰਦੇ ਜਿਤਾਉਣ ਵਿੱਚ ਆਪਣਾ ਯੋਗਦਾਨ ਪਾਈਏ। ਆਗੂਆਂ ਨੇ ਇਹ ਵੀ ਆਖਿਆ ਹੈ ਕਿ ਜਿਸ ਪਿੰਡ ਵਿੱਚ ਸਰਬ ਸੰਮਤੀ ਹੁੰਦੀ ਹੈ ਉੱਥੇ ਸਾਨੂੰ ਆਪਣੇ ਪਿੰਡ ਦੀ ਭਾਈਚਾਰਕ ਸਾਂਝ ਨੂੰ ਮਜਬੂਤ ਕਰਦੇ ਹੋਏ ਸਹਿਮਤੀ ਪ੍ਰਗਟਾਉਣ ਦਾ ਵੀ ਹੱਕ ਹੈ। ਤਾਂ ਜੋ ਪਿੰਡ ਵਿੱਚ ਆਪਸੀ ਪਿਆਰ ਇਤਫਾਕ ਕਾਇਮ ਰਹਿ ਸਕੇ। ਉਹਨਾਂ ਸੂਬਾ ਸਰਕਾਰ ਵੱਲੋਂ ਹਲਕੇ ਦੇ ਕੁਝ ਪਿੰਡਾਂ ਅੰਦਰ ਰਿਜਰਵ ਸੀਟਾਂ ਨੂੰ ਮਰਜ ਕਰਕੇ ਉਥੇ ਜਨਰਲ ਸੀਟਾਂ ਨੂੰ ਸੂਚੀਆਂ ਵਿੱਚ ਸ਼ਾਮਿਲ ਕਰਨ ਦੀ ਵੀ ਉਨਾਂ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ। ਆਗੂਆਂ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਸ਼ੁਰੂ ਤੋਂ ਹੀ ਸਮੁੱਚੇ ਵਰਗਾਂ ਨਾਲ ਧੱਕਾ ਕਰਦੀ ਆ ਰਹੀ ਹੈ ਜਿਸ ਦਾ ਖਮਿਆਜਾ ਉਹਨਾਂ ਨੂੰ ਭਵਿੱਖ ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਅੰਦਰ ਭੁਗਤਣਾ ਪਵੇਗਾ। ਅੰਤ ਵਿੱਚ ਉਨਾਂ ਸਮੂਹ ਵਰਕਰਾਂ ਨੂੰ ਆਪੋ ਆਪਣੇ ਪਿੰਡਾਂ ਅੰਦਰ ਪੰਚੀ ਅਤੇ ਸਰਪੰਚੀ ਵਿੱਚ ਭਾਗ ਲੈ ਰਹੇ ਉਮੀਦਵਾਰਾਂ ਨੂੰ ਵੱਧ ਚੜ੍ਹ ਕੇ ਜਿਤਾਉਣ ਦੀ ਅਪੀਲ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਆਗੂ ਬਹਾਦਰ ਸਿੰਘ ਚੌਧਰੀ, ਹਰਨੇਕ ਸਿੰਘ ਸ਼ੇਰਪੁਰੀ, ਪਿਆਰਾ ਸਿੰਘ ਬਦੇਸ਼ਾ, ਸੁਖਦੇਵ ਸਿੰਘ ਸਰਪੰਚ ਸੁਖਦੇਵ ਸਿੰਘ ਬਿੰਨੜ ਕਾਲਾਬੂਲਾ, ਜਗਤਾਰ ਸਿੰਘ ਹੇੜੀਕੇ, ਅਵਤਾਰ ਸਿੰਘ ਸਰਪੰਚ ਹੇੜੀਕੇ, ਹਾਕਮ ਸਿੰਘ ਸਰਪੰਚ ਗੰਡੇਵਾਲ, ਵਿੱਕੀ ਘਨੌਰੀ, ਹੈਪੀ ਘਨੌਰੀ, ਇੰਸਪੈਕਟਰ ਪਿਆਰਾ ਸਿੰਘ ਮਾਹਮਦਪੁਰ, ਐਡਵੋਕੇਟ ਬਲਦੇਵ ਸਿੰਘ ਪੇਧਨੀ, ਹਰਬੰਸ ਲਾਲ ਟਿੱਬਾ, ਬਹਾਦਰ ਸਿੰਘ ਸਾਬਕਾ ਪੰਚ, ਪਰਗਟ ਪਰੀਤ ਸ਼ੇਰਪੁਰ, ਨਰੈਣ ਸਿੰਘ ਬਾਜਵਾ, ਇੰਦਰਜੀਤ ਸਿੰਘ ਬੜੀ, ਜਗਰੂਪ ਸਿੰਘ ਮਾਹਮਦਪੁਰ,ਮਨੋਜ ਕੁਮਾਰ ਮਾਹਮਦਪੁਰ, ਜਸਵੰਤ ਸਿੰਘ ਬੜੀ, ਹਰਜਿੰਦਰ ਸਿੰਘ ਧਾਲੀਵਾਲ, ਸਾਧੂ ਰਾਮ ਤੋਂ ਇਲਾਵਾ ਕਾਫੀ ਮੈਂਬਰ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਕਵਿਤਾ ਸਕੂਲ ਸਾਹਿਤ ਸਭਾ ਸ਼ੇਰਪੁਰ ਦੀ ਮੀਟਿੰਗ ਵਿੱਚ ਸਾਹਿਤਕਾਰਾਂ ਨੇ ਚੰਗਾ ਰੰਗ ਬੰਨਿਆ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਕਵਿਤਾ ਸਕੂਲ ਸਾਹਿਤ ਸਭਾ ਰਜਿ ਸ਼ੇਰਪੁਰ ਦੇ ਸਰਪ੍ਰਸਤ ਉੱਘੇ ਛੰਦ ਸ਼ਾਸਤਰੀ ਮਾ: ਜੰਗ ਸਿੰਘ ਫੱਟੜ ਦੀ ਪ੍ਰਧਾਨਗੀ ਹੇਠ ਸ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਭਾ ਦੀ ਮੀਟਿੰਗ ਸ਼ੇਰਪੁਰ ਵਿਖੇ ਹੋਈ। ਜਿਸ ਵਿੱਚ ਹਾਜ਼ਰ ਮੈਂਬਰਾਂ ਕੇਸਰ ਸਿੰਘ ਗਰੇਵਾਲ, ਧਰਮਵੀਰ ਕਪਿਲ ਸ਼ਾਸ਼ਤਰੀ, ਪਰਗਟ ਪਰੀਤ ਸ਼ੇਰਪੁਰ, ਮਾ: ਮਨਜੀਤ ਸਿੰਘ, ਹਰਬੰਸ ਸਿੰਘ ਖੇੜੀ, ਹਰਮੇਲ ਸਿੰਘ,, ਹਰਨੇਕ ਸਿੰਘ ਸ਼ੇਰਪੁਰੀ, ਗੁਰਪ੍ਰੀਤ ਸਿੰਘ ਕਾਤਰੋਂ ਨੇ ਆਪਣੀਆਂ ਰਚਨਾਵਾਂ ਸੁਣਾਕੇ ਵਧੀਆ ਰੰਗ ਬੰਨ੍ਹਿਆ। ਡਾ: ਕਮਲਜੀਤ ਸਿੰਘ ਟਿੱਬਾ,ਮਾ ਗੁਰਮੇਲ ਸਿੰਘ ਗਰੇਵਾਲ ਅਤੇ ਕਾਮਰੇਡ ਹਰਗੋਬਿੰਦ ਜੀ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ ਸੰਬੰਧੀ ਅਹਿਮ ਵਿਚਾਰ ਚਰਚਾ ਕਰਦਿਆਂ ਕਿਹਾ ਹੈ ਕਿ ਸਾਨੂੰ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਹੋਰਾਂ ਦੇ ਪੂਰਨਿਆਂ ਤੇ ਚੱਲਣ ਦੀ ਲੋੜ ਹੈ। ਅੰਤ ਵਿੱਚ ਸਭਾ ਦੇ ਪ੍ਰਧਾਨ ਜਸਵੀਰ ਸਿੰਘ ਦੀਦਾਰਗੜ੍ਹ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਸਾਨੂੰ ਵੱਧ ਤੋਂ ਵੱਧ ਨੌਜਵਾਨ ਪੀੜੀ ਨੂੰ ਸਿਹਤ ਦੇ ਖੇਤਰ ਨਾਲ ਜੋੜਨ ਦੀ ਲੋੜ ਹੈ ਤਾਂ ਜੋ ਨਸ਼ਿਆਂ ਵਿੱਚ ਗੁਲਤਾਨ ਹੋ ਰਹੀ

ਰੋਜ਼ਾਨਾ ਲੋਕ ਬਾਣੀ www.lokbani

# ਪਿੰਡ ਹਵੇਲੀ ਤੋਂ ਸੰਦੀਪ ਠਾਕੁਰ ਦੇ ਸਿਰ ਸੱਜਿਆ ਸਰਪੰਚੀ ਦਾ ਤਾਜ।



ਦੀਨਾਨਗਰ( ਡਾ.ਰਮੇਸ਼ ਸਰੰਗਲ )- ਦੀਨਾਨਗਰ ਹਲਕੇ ਦੇ ਪਿੰਡ ਹਵੇਲੀਆਂ ਦੀ ਪੰਚਾਇਤ ਪਿੰਡ ਵਾਸੀਆਂ ਵੱਲੋਂ ਸਰਬ ਸੰਮਤੀ ਨਾਲ ਚੁਣੀ ਗਈ ਹੈ ਜਿਸ ਵਿੱਚ ਸੰਦੀਪ ਠਾਕੁਰ ( ਗੋਲਡੀ ) ਨੂੰ ਸਰਪੰਚ , ਚੈਨ ਸਿੰਘ, ਕੰਸ ਰਾਜ,ਨੇਹਾ ਠਾਕੁਰ , ਮਮਤਾ ਅਤੇ ਸਤਿਆ ਨੂੰ ਪੰਚ ਚੁਣਿਆ ਗਿਆ। ਪਿੰਡ ਵਾਸੀਆਂ ਨੇ ਦੱਸਿਆ ਕਿ ਉਹਨਾਂ ਦੇ ਪਿੰਡ 2003 ਤੋਂ ਲੈ ਕੇ ਹੁਣ ਤੱਕ ਹਮੇਸ਼ਾ ਹੀ ਸਰਬ ਸੰਮਤੀ ਨਾਲ ਹੀ ਪੰਚਾਇਤ ਬਣਾਈ ਜਾਂਦੀ ਰਹੀ ਹੈ। ਇਸ ਮੌਕੇ ਤੇ ਨਵ ਨਿਯੁਕਤ ਸਰਪੰਚ ਸੰਦੀਪ ਠਾਕੁਰ ਨੇ ਕਿਹਾ ਕਿ ਜੋ ਜ਼ਿੰਮੇਵਾਰੀ ਪਿੰਡ ਵਾਸੀਆਂ ਨੇ ਮੈਨੂੰ ਸੌਂਪੀ ਹੈ ਉਸ ਨੂੰ ਮੈਂ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਵਾਂਗਾ। ਇਸ ਮੌਕੇ ਤੇ ਹੋਰਨਾਂ ਦੇ ਇਲਾਵਾ ਸਾਬਕਾ ਸਰਪੰਚ ਛੱਜੂ ਸਿੰਘ, ਨੰਬਰਦਾਰ ਦਿਲਬਾਗ ਸਿੰਘ, ਸਾਬਕਾ ਸਰਪੰਚ ਧਰਮਪਾਲ, ਦਰਸ਼ਨ ਸਿੰਘ, ਜੰਗ ਬਹਾਦਰ, ਧਿਆਨ ਸਿੰਘ, ਦਵਿੰਦਰ ਸਿੰਘ, ਰਾਏ ਸਿੰਘ, ਹਰਜੀਤ ਸਿੰਘ, ਪਰਵੀਨ ਕੁਮਾਰ,ਭਾਰਤ ਭੂਸ਼ਨ,ਪ੍ਰੇਮ ਸਿੰਘ, ਕੁਲਵੰਤ ਸਿੰਘ, ਜੋਗਿੰਦਰ ਸਿੰਘ, ਰਵਿੰਦਰ ਸਿੰਘ, ਬਲਬੀਰ ਸਿੰਘ,ਯੋਧ ਸਿੰਘ ਦੇ ਇਲਾਵਾ ਹੋਰ ਪਿੰਡ ਵਾਸੀ ਹਾਜਰ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਧਾਰਾ 371 ਤਹਿਤ ਪੰਜਾਬ ਨੂੰ ਵਿਸ਼ੇਸ਼ ਦਰਜਾ ਦੇਣ ਦੀ ਮੰਗ ਮਿਸਲ ਸਤਲੁਜ ਮੀਟਿੰਗ ਚ ਨਸ਼ੇ ਦੇ ਖਾਤਮੇ ਤੇ ਜ਼ੋਰ



ਗਿੱਦੜਬਾਹਾ, (ਲੋਕ ਬਾਣੀ) : ਸਮਾਜਿਕ-ਰਾਜਨੀਤਕ ਜਥੇਬੰਦੀ ਮਿਸਲ ਸਤਲੁਜ ਨੇ ਗਿੱਦੜਬਾਹਾ ਦੇ ਅਬਲੂ ਕੋਟਲੀ ਵਿਖੇ ਹੋਈ ਅਹਿਮ ਮੀਟਿੰਗ ਦੌਰਾਨ ਧਾਰਾ 371 ਤਹਿਤ ਸੂਬੇ ਨੂੰ ਵਿਸ਼ੇਸ਼ ਦਰਜਾ ਦੇਣ ਦੀ ਫੌਰੀ ਲੋੜ ਤੇ ਜ਼ੋਰ ਦਿੱਤਾ। ਮਿਸਲ ਦੇ ਸਥਾਨਕ ਸਮਰਥਕ ਇਕਬਾਲ ਸਿੰਘ ਰਾਮਿਆਣਾ ਵੱਲੋਂ ਕਰਵਾਏ ਗਏ ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਸਥਾਨਕ ਅਤੇ ਸੂਬਾਈ ਚੁਣੌਤੀਆਂ ਅਤੇ ਮੁੱਦਿਆਂ ਤੇ ਡੂੰਘੀ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਮਿਸਲ ਸਤਲੁਜ ਦੇ ਪ੍ਰਧਾਨ ਅਜੈਪਾਲ ਸਿੰਘ ਬਰਾੜ ਨੇ ਪੰਜਾਬ ਵਿੱਚ ਫੈਲੀ ਨਸ਼ਿਆਂ ਦੀ ਲਾਹਨਤ 'ਤੇ ਚਿੰਤਾ ਪ੍ਰਗਟ ਕਰਦਿਆਂ ਇਸ ਨੂੰ 1947 ਤੋਂ 1995 ਤੱਕ ਸੂਬੇ ਨੂੰ ਹੋਏ ਡੂੰਘੇ ਸਦਮੇ ਨਾਲ ਜੋੜਿਆ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਸਮੇਂ ਦੌਰਾਨ ਹੋਈ ਹਿੰਸਾ, ਹਫੜਾ-ਦਫੜੀ ਅਤੇ ਅਸਥਿਰਤਾ ਕਾਰਨ ਹੋਏ ਦਰਦ ਨੇ ਨੌਜਵਾਨਾਂ ਵਿੱਚ ਨਿਰਾਸ਼ਾ ਦੀ ਡੂੰਘੀ ਭਾਵਨਾ ਪੈਦਾ ਕੀਤੀ। ਇਸ ਕਾਰਨ ਉਹ ਨਸ਼ੇ ਪ੍ਰਤੀ ਸੰਵੇਦਨਸ਼ੀਲ ਹੋ ਗਏ । ਬਰਾੜ ਨੇ ਪੰਜਾਬ ਦੇ ਭਵਿੱਖ ਦੀ ਮੁੜ ਉਸਾਰੀ ਲਈ ਕੰਮ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਨੇ ਸੰਵਿਧਾਨ ਦੀ ਧਾਰਾ 371 ਡੀ ਤਹਿਤ ਪੰਜਾਬ ਨੂੰ ਵਿਸ਼ੇਸ਼ ਦਰਜਾ ਦੇਣ ਦੀ ਮੰਗ ਨੂੰ ਦੁਹਰਾਉਂਦਿਆਂ ਦਲੀਲ ਦਿੱਤੀ ਕਿ ਸੂਬੇ ਨੂੰ ਦਰਪੇਸ਼ ਵਿਲੱਖਣ ਚੁਣੌਤੀਆਂ ਨਾਲ ਨਜਿੱਠਣਾ ਮਹੱਤਵਪੂਰਨ ਹੈ।

ਮਿਸਲ ਸਤਲੁਜ ਦੇ ਜਨਰਲ ਸਕੱਤਰ ਦਵਿੰਦਰ ਸਿੰਘ ਸੇਖੋਂ ਨੇ ਪੰਜਾਬ ਦੇ ਵੱਧ ਰਹੇ ਕਰਜ਼ਾ ਸੰਕਟ 'ਤੇ ਗੰਭੀਰ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਵਿਸ਼ੇਸ਼ ਸ਼੍ਰੇਣੀ ਦਾ ਦਰਜਾ ਦਿੱਤੇ ਬਿਨਾਂ ਇਸ ਸੰਕਟ ਦਾ ਹੱਲ ਸੰਭਵ ਨਹੀਂ ਹੈ। ਅਜਿਹੀ ਸਥਿਤੀ ਰਾਜ ਦੇ ਪੁਨਰ-ਨਿਰਮਾਣ ਲਈ ਲੋੜੀਂਦੀ ਵਿੱਤੀ ਸਹਾਇਤਾ ਪ੍ਰਦਾਨ ਕਰੇਗੀ, ਇਸ ਨੂੰ ਸਦਮੇ ਦੀ ਵਿਰਾਸਤ ਨੂੰ ਦੂਰ ਕਰਨ ਅਤੇ ਇਸਦੀ ਆਰਥਿਕਤਾ ਨੂੰ ਮੁੜ ਬਣਾਉਣ ਵਿੱਚ ਸਹਾਇਤਾ ਕਰੇਗੀ। ਯੂਥ ਵਿੰਗ ਦੇ ਸਕੱਤਰ ਹਰਦੀਪ ਸਿੰਘ ਦੌੜ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਕਜੁੱਟ ਹੋ ਕੇ ਅਜਿਹੀ ਜਥੇਬੰਦੀ ਦੀ ਸਥਾਪਨਾ ਲਈ ਕੰਮ ਕਰਨ ਜੋ ਪੰਜਾਬ ਦੇ ਹਿੱਤਾਂ ਅਤੇ ਇੱਛਾਵਾਂ ਦੀ ਸੱਚਮੁੱਚ ਪ੍ਰਤੀਨਿਧਤਾ ਕਰੇ।

ਇਕੱਠ ਨੂੰ ਸੰਬੋਧਨ ਕਰਦਿਆਂ ਸਭਾ ਦੇ ਪ੍ਰਬੰਧਕ ਇਕਬਾਲ ਸਿੰਘ ਰਾਮਿਆਣਾ ਨੇ ਨਸ਼ਿਆਂ ਦੇ ਭਖਦੇ ਮੁੱਦੇ ਦਾ ਡਟ ਕੇ ਟਾਕਰਾ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਭਾਈਚਾਰੇ ਦੇ ਰੋਜ਼ਾਨਾ ਸੰਘਰਸ਼ਾਂ ਨੂੰ ਉਜਾਗਰ ਕੀਤਾ ਜੋ ਲੋਕਾਂ ਵਿੱਚ ਅਣਗਹਿਲੀ ਅਤੇ ਅਲੱਗ-ਥਲੱਗ ਹੋਣ ਦੀ ਭਾਵਨਾ ਨੂੰ ਵਧਾਉਂਦਾ ਹੈ। ਰਾਮਿਆਣਾ ਨੇ ਸਾਰਿਆਂ ਦੀ ਸ਼ਮੂਲੀਅਤ ਲਈ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਅਜਿਹੀਆਂ ਮੀਟਿੰਗਾਂ ਸਮੂਹਿਕ ਕਾਰਵਾਈ ਅਤੇ ਤਬਦੀਲੀ ਲਈ ਉਤਪ੍ਰੇਰਕ ਵਜੋਂ ਕੰਮ ਕਰਨਗੀਆਂ। ਮੀਟਿੰਗ ਦੌਰਾਨ ਮਿਸਲ ਵਿੱਚ ਕਿਸਾਨ ਵਿੰਗ ਦੇ ਪ੍ਰਧਾਨ ਸਰਦਾਰ ਹਰਦੇਵ ਸਿੰਘ ਘਣੀਏਵਾਲਾ ਅਤੇ ਫਰੀਦਕੋਟ ਦੇ ਪ੍ਰਧਾਨ ਰਣਪਿੰਦਰਜੀਤ ਸਿੰਘ ਗੋਲਡੀ ਆਦਿ ਨੇ ਵੀ ਵਿਚਾਰ ਪ੍ਰਗਟ ਕੀਤੇ।

ਰੋਜ਼ਾਨਾ ਲੋਕ ਬਾਣੀ www.lokbani

# ਹਿੰਦੁਸਤਾਨ ਬਲੱਡ ਡੋਨਰਜ ਕਲੱਬ ਦੇ ਖ਼ੂਨਦਾਨ ਕੈਂਪ 'ਚ ਜੋਗਿੰਦਰ ਸਿੰਘ ਮਾਨ ਨੇ ਲਗਵਾਈ ਹਾਜ਼ਰੀ






ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਹਿੰਦੁਸਤਾਨ ਵੈਲਫੇਅਰ ਬਲੱਡ ਡੋਨਰ ਕਲੱਬ ਵੱਲੋਂ ਸਥਾਨਕ ਮਹਾਰਾਜਾ ਪੈਲੇਸ ਵਿਖੇ ਲਗਾਏ ਮੈਗਾ ਖ਼ੂਨਦਾਨ ਕੈਂਪ ਵਿੱਚ ਹਾਜ਼ਰੀ ਭਰਦਿਆਂ ਆਮ ਆਦਮੀ ਪਾਰਟੀ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਕਲੱਬ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਕਲੱਬ ਵਲੋਂ ਹਰ ਸਾਲ ਕੀਤਾ ਜਾਂਦਾ ਇਹ ਉਪਰਾਲਾ ਹਜ਼ਾਰਾਂ ਹੀ ਅਨਮੋਲ ਜਿੰਦਗੀਆਂ ਦੇ ਜੀਵਨ ਦੀ ਰੱਖਿਆ ਕਰਨ ਵਾਲਾ ਹੈ। ਇਸ ਦੌਰਾਨ ਉਹਨਾਂ ਨੇ ਖ਼ੂਨਦਾਨੀਆਂ ਨੂੰ ਵੀ ਅਸ਼ੀਰਵਾਦ ਦਿੱਤਾ ਅਤੇ ਕਿਹਾ ਕਿ ਹਰੇਕ ਸਮਰੱਥ ਵਿਅਕਤੀ ਨੂੰ ਆਪਣਾ ਖ਼ੂਨਦਾਨ ਕਰਕੇ ਸਮਾਜਿਕ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ, ਕਿਉਂਕਿ ਪਰਮਾਤਮਾ ਵਲੋਂ ਵੀ ਖ਼ੂਨ ਦਾ ਵਿਕਲਪ ਸਿਰਫ ਖ਼ੂਨ ਹੀ ਬਣਾਇਆ ਗਿਆ ਹੈ। ਖ਼ੂਨ ਦੀ ਘਾਟ ਸਿਰਫ ਖ਼ੂਨ ਨਾਲ ਹੀ ਪੂਰੀ ਹੋ ਸਕਦੀ ਹੈ ਅਤੇ ਸਾਇੰਸ ਦੇ ਇਸ ਯੁੱਗ ਵਿਚ ਇਕ ਵਿਅਕਤੀ ਦਾ ਖ਼ੂਨ ਦੂਸਰੇ ਲੋੜਵੰਦ ਵਿਅਕਤੀ ਨੂੰ ਚੜ੍ਹਾਇਆ ਜਾ ਸਕਦਾ ਹੈ। ਜੋ ਪ੍ਰਕ੍ਰਿਤੀ ਦਾ ਸੁਨੇਹਾ ਹੈ ਕਿ ਮੁਸ਼ਕਿਲ ਸਮੇਂ ਵਿਚ ਇਨਸਾਨ ਹੀ ਇਨਸਾਨ ਦੇ ਕੰਮ ਆ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਖ਼ੂਨਦਾਨ ਕਰਕੇ ਨਵੀਂ ਜ਼ਿੰਦਗੀ ਮਿਲਦੀ ਹੈ ਤਾਂ ਇਹ ਸਿਰਫ਼ ਉਸ ਵਿਅਕਤੀ ਲਈ ਹੀ ਨਹੀਂ ਸਗੋਂ ਉਸ 'ਤੇ ਨਿਰਭਰ ਪਰਿਵਾਰ ਦੇ ਹਰ ਮੈਂਬਰ ਲਈ ਨਵੀਂ ਜ਼ਿੰਦਗੀ ਹੁੰਦੀ ਹੈ। ਇਸ ਲਈ ਅਜਿਹੇ ਪੁੰਨ ਦੇ ਕੰਮਾਂ ਵਿੱਚ ਵੱਧ ਤੋਂ ਵੱਧ ਸਹਿਯੋਗ ਕਰਕੇ ਪਰਮਾਤਮਾ ਦਾ ਆਸ਼ੀਰਵਾਦ ਪ੍ਰਾਪਤ ਕਰਨਾ ਚਾਹੀਦਾ ਹੈ। ਇਸ ਮੌਕੇ ਪ੍ਰਬੰਧਕਾਂ ਵਲੋਂ ਜੋਗਿੰਦਰ ਸਿੰਘ ਮਾਨ ਨੂੰ ਸਨਮਾਨਤ ਵੀ ਕੀਤਾ ਗਿਆ

ਰੋਜ਼ਾਨਾ ਲੋਕ ਬਾਣੀ www.lokbani

# ਸ਼ਕਤੀ ਯੂਥ ਵੈਲਫੇਅਰ ਸੋਸਾਇਟੀ ਵੱਲੋਂ ਕਰਵਾਇਆ ਗਿਆ 19 ਵਾਂ ਕੀਰਤਨ ਦਰਬਾਰ



ਲੁਧਿਆਣਾ: (ਵਰਿੰਦਰ ਪ੍ਰਕਾਸ਼ ਭਾਂਬਰੀ / ਸੁਖਚੈਨ ਮਹਿਰਾ) ਸ਼ਕਤੀ ਯੂਥ ਵੈਲਫੇਅਰ ਸੁਸਾਇਟੀ ਨਿਊ ਸ਼ਕਤੀ ਨਗਰ ਵੱਲੋਂ 19 ਵੇ ਕੀਰਤਨ ਦਰਬਾਰ ਦਾ ਆਯੋਜਨ ਸੁਸਾਇਟੀ ਪ੍ਰਧਾਨ ਗੁਰਵਿੰਦਰ ਸਿੰਘ ਗੋਲਡੀ ਦੀ ਅਗਵਾਈ ਹੇਠ ਬੜੀ ਹੀ ਸ਼ਰਧਾ ਅਤੇ ਭਾਵਨਾ ਨਾਲ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ । ਇਸ ਦੌਰਾਨ ਪ੍ਰਸਿੱਧ ਕਥਾਵਾਚਕਾ ਅਤੇ ਕੀਰਤਨੀ ਜਥਿਆਂ ਵੱਲੋਂ ਆਈਆਂ ਹੋਈਆਂ ਸੰਗਤਾਂ ਨੂੰ ਗੁਰੂ ਜੀ ਦੀ ਪਵਿੱਤਰ ਬਾਣੀ ਨਾਲ ਜੋੜ ਨਿਹਾਲ ਕੀਤਾ ਗਿਆ, ਗੁਰੂ ਸਾਹਿਬ ਜੀ ਦੇ ਚਰਨਾਂ ਚ ਆਪਣੀ ਹਾਜ਼ਰੀ ਲਗਵਾਉਣ ਲਈ ਸ਼ਹਿਰ ਦੀਆਂ ਸਮਾਜਿਕ ਧਾਰਮਿਕ ਅਤੇ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨੇ ਹਾਜ਼ਰੀ ਭਰੀ । ਇਸ ਮੌਕੇ ਤੇ ਪ੍ਰਬੰਧਕਾਂ ਵੱਲੋਂ ਆਈਆਂ ਹੋਈਆਂ ਸੰਗਤਾਂ ਲਈ ਗੁਰੂ ਸਾਹਿਬ ਜੀ ਦੇ ਅਤੁੱਟ ਲੰਗਰ ਵਰਤਾਏ ਗਏ ਅਤੇ ਆਏ ਹੋਏ ਮੁੱਖ ਮਹਿਮਾਨਾਂ ਅਤੇ ਸੇਵਾਦਾਰਾਂ ਨੂੰ ਸੁਸਾਇਟੀ ਪ੍ਰਧਾਨ ਅਤੇ ਸਮੂਹ ਮੈਂਬਰਾਂ ਵੱਲੋਂ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਤੇ ਗੁਰਦੁਆਰਾ ਸਾਹਿਬ ਜੀ ਦੇ ਹੈਡ ਗ੍ਰੰਥੀ ਭਾਈ ਬਾਗ ਸਿੰਘ , ਵਿਧਾਇਕ ਭੋਲਾ ਗਰੇਵਾਲ ਦੇ ਸਪੁੱਤਰ ਰਣਜੋਤ ਗਰੇਵਾਲ , ਸਾਬਕਾ ਵਿਧਾਇਕ ਰਣਜੀਤ ਸਿੰਘ ਢਿੱਲੋਂ, ਭਾਜਪਾ ਆਗੂ ਹੈਪੀ ਰੰਧਾਵਾ, ਆਪ ਦੇ ਯੂਥ ਆਗੂ ਹੈਰੀ ਸੰਧੂ , ਕਾਂਗਰਸ ਪਾਰਟੀ ਤੋਂ ਗੁਰਚਰਨ ਸਿੰਘ ਛਾਬੜਾ, ਸਿਮਰਨਜੀਤ ਸਿੰਘ ਆਜ਼ਾਦ, ਮਹਿੰਦਰ ਸਿੰਘ ਭਾਪਾ, ਸ਼ਿਵ ਸੇਨਾ ਯੂਥ ਆਗੂ ਸ਼ਿਵ ਵਰਮਾ ,ਸਿਮਰਨਜੀਤ ਸਿੰਘ ਉਬਰਾਏ, ਹਰਪ੍ਰੀਤ ਸਿੰਘ, ਜਸਵਿੰਦਰ ਸਿੰਘ , ਕਰਨਵੀਰ ਸਿੰਘ, ਕਰਮਜੀਤ ਸਿੰਘ , ਗੋਲਡੀ ਗਾਂਧੀ, ਸਾਹਿਲ ਕੰਬੋਜ, ਇੰਦਰਜੀਤ ਸਿੰਘ , ਮਨਕੀਰਤ ਸਿੰਘ ਉਬਰਾਏ, ਪ੍ਰਭ ਉਬਰਾਏ, ਜਸਵਿੰਦਰ ਸਿੰਘ, ਸ਼ਿਵ ਵਰਮਾ , ਵਰਿੰਦਰ ਧੀਰ, ਅਜੇ ਕੁਮਾਰ, ਹਨੀ ਮਹਿਰਾ, ਜਤਿੰਦਰ ਸਿੰਘ, ਭੁਪਿੰਦਰ ਸਿੰਘ ਸੰਧੂ, ਕਾਲਾ ਪ੍ਰਧਾਨ, ਮਨੀ ਵਰਮਾ, ਸੋਢੀ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ ਆਕਲਿਆਣਾ ਵਿਖੇ ਚੜਦੀ ਕਲਾ ਨਾਲ ਕਰਵਾਇਆ ਗਿਆ ਬਾਰਵਾਂ ਗੁਰਮਤਿ ਸਮਾਗਮ



ਸਹੀਦ ਭਗਤ ਸਿੰਘ ਨਗਰ(ਰਮੇਸ ਸਰਮਾ£ਮਨਪ੍ਰੀਤ ਵਾਸੂ) ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ ਵੱਲੋਂ ਚਾਰ ਪੰਜ ਅਤੇ ਛੇ ਨਵੰਬਰ ਨੂੰ ਕਰਵਾਏ ਜਾ ਰਹੇ ਮਹਾਨ ਕੀਰਤਨ ਦਰਬਾਰ ਨੂੰ ਸਮਰਪਿਤ 24 ਗੁਰਮਤਿ ਸਮਾਗਮਾਂ ਦੀ ਲੜੀ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਸ਼ਰਧਾ ਪ੍ਰੇਮ ਅਤੇ ਚੜਦੀ ਕਲਾ ਨਾਲ ਅੱਗੇ ਵਧ ਰਹੀ ਹੈ। ਹਰ ਸਮਾਗਮ ਦੌਰਾਨ ਦੂਰ ਦੁਰੇਡੇ ਤੋਂ ਸੰਗਤਾਂ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸਮਾਗਮ ਵਿਚ ਹਾਜ਼ਰੀ ਭਰਦੀਆਂ ਹਨ। ਗੁਰੂ ਨਾਨਕ ਸਾਹਿਬ ਦੇ ਮਿਸ਼ਨ ਨੂੰ ਘਰ ਘਰ ਪਹੁੰਚਾਉਣ ਦੇ ਮਕਸਦ ਅਧੀਨ ਇਹ ਸਮਾਗਮ ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਵੱਡਾ ਯੋਗਦਾਨ ਪਾਉਣ ਵਿਚ ਸਹਾਈ ਹੋ ਰਹੇ ਹਨ। ਇਹ ਜਾਣਕਾਰੀ ਸਾਂਝੀ ਕਰਦੇ ਹੋਏ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਇਸ ਲੜੀ ਦੌਰਾਨ ਸੰਗਤਾਂ ਅਤੇ ਖਾਸ ਕਰ ਨੌਜਵਾਨਾਂ ਵਲੋਂ ਹਾਜਰੀ ਪੱਖੋਂ ਬਹੁਤ ਵੱਡਾ ਹੁੰਗਾਰਾ ਮਿਲ ਰਿਹਾ ਹੈ।ਇਸ ਲੜੀ ਤਹਿਤ ਗੁਰਦੁਆਰਾ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਪਿੰਡ ਆਕਲਿਆਣਾ ਵਿਖੇ ਸੁਸਾਇਟੀ ਵਲੋਂ ਬਾਰਵੇਂ ਗੁਰਮਤਿ ਸਮਾਗਮ ਬੜੀ ਚੜ੍ਹਦੀ ਕਲ੍ਹਾ ਨਾਲ ਕਰਵਾਏ ਗਏ। ਇਸ ਸਮਾਗਮ ਦੌਰਾਨ ਵੀ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜਰੀ ਭਰੀ। ਸਮਾਗਮ ਦੀ ਅਰੰਭਤਾ ਸ਼ਾਮ ਨੂੰ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਨਾਲ ਹੋਈ। ਉਸ ਤੋਂ ਬਾਅਦ ਗੁਰਬਾਣੀ ਕੀਰਤਨ ਤੇ ਕਥਾ ਵਿਚਾਰਾਂ ਦਾ ਪ੍ਰਵਾਹ ਚੱਲਿਆ ਜਿਸ ਵਿਚ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਦਵਿੰਦਰ ਸਿੰਘ ਦੇ ਜਥੇ ਨੇ ਅੰਮ੍ਰਿਤਮਈ ਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਪ੍ਰਸਿੱਧ ਕਥਾ ਵਾਚਕ ਗਿਆਨੀ ਸਰਬਜੀਤ ਸਿੰਘ ਢੋਟੀਆਂ ਨੇ ਸ੍ਰੀ ਗੁਰੂ ਨਾਨਕ ਜੀ ਦੇ ਇਤਿਹਾਸ ਅਤੇ ਉਪਦੇਸ਼ਾਂ ਬਾਰੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਉਨਾਂ ਨੇ ਕਿਹਾ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵਲੋਂ ਨੌਜਵਾਨਾਂ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਕੀਤੇ ਜਾ ਰਹੇ ਇਨਾਂ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ। ਉਨਾਂ ਨੇ ਨੌਜਵਾਨ ਬੱਚਿਆਂ ਨੂੰ ਵਿਦੇਸ਼ ਜਾਣ ਦੀ ਹੋੜ ਨੂੰ ਛੱਡ ਕੇ ਆਪਣੀ ਵਿਰਾਸਤ ਨੂੰ ਸੰਭਾਲਣ ਦੀ ਭਾਵੁਕ ਅਪੀਲ ਵੀ ਕੀਤੀ। ਇਸ ਸਮਾਗਮ ਦੌਰਾਨ ਸਟੇਜ ਸਕੱਤਰ ਦੀ ਸੇਵਾ ਗਿਆਨੀ ਤਰਲੋਚਨ ਸਿੰਘ ਖਟਕੜ ਕਲਾਂ ਵਾਲਿਆਂ ਨੇ ਨਿਭਾਈ। ਇਸ ਮੌਕੇ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਪਿੰਡ ਆਕਲਿਆਣਾ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਉਨਾਂ ਨੇ ਇਲਾਕੇ ਦੀ ਸੰਗਤਾਂ ਨੂੰ ਆਉਣ ਵਾਲੇ ਸਮਾਗਮਾਂ ਵਿੱਚ ਹਾਜ਼ਰੀ ਭਰਨ ਲਈ ਨਿਮਰਤਾ ਸਹਿਤ ਬੇਨਤੀ ਕੀਤੀ। ਗੁਰਮਤਿ ਸਮਾਗਮਾਂ ਦੇ ਸਰਪ੍ਰਸਤ ਜਥੇਦਾਰ ਬਰਜਿੰਦਰ ਸਿੰਘ ਹੁਸੈਨਪੁਰ, ਉੱਤਮ ਸਿੰਘ ਸੇਠੀ ਅਤੇ ਦੀਦਾਰ ਸਿੰਘ ਵਲੋਂ ਗਿਆਨੀ ਸਰਬਜੀਤ ਸਿੰਘ ਢੋਟੀਆਂ ਅਤੇ ਗੁਰਦੁਆਰਾ ਕਮੇਟੀ ਦੇ ਪ੍ਰਮੁੱਖ ਸੇਵਾਦਾਰ ਭਾਈ ਹਰਨੇਕ ਸਿੰਘ ਦਾ ਸਨਮਾਨ ਦਾ ਸਨਮਾਨ ਵੀ ਕੀਤਾ ਗਿਆ। ਸਮਾਗਮ ਦੀ ਸਮਾਪਤੀ ਉਪਰੰਤ ਸੰਗਤਾਂ ਨੂੰ ਅਤੁੱਟ ਲੰਗਰ ਵਰਤਾਏ ਗਏ।ਇਸ ਮੌਕੇ ਗੁਰਦੁਆਰਾ ਕਮੇਟੀ ਵੱਲੋਂ ਹਰਪਾਲ ਸਿੰਘ, ਦਿਲਾਵਰ ਸਿੰਘ, ਰਾਮਪਾਲ ਸਿੰਘ, ਰਣਜੀਤ ਸਿੰਘ, ਹਰਜਿੰਦਰ ਸਿੰਘ, ਓਕਾਰ ਸਿੰਘ, ਕੁਲਵਿੰਦਰ ਸਿੰਘ, ਸਿਮਰਨਜੀਤ ਸਿੰਘ ਅਤੇ ਸੁੱਖਾ ਸਿੰਘ ਵੀ ਮੌਜੂਦ ਸਨ। ਉਨ੍ਹਾਂ ਤੋਂ ਇਲਾਵਾ ਜਗਦੀਪ ਸਿੰਘ, ਪਰਮਿੰਦਰ ਸਿੰਘ ਕੰਵਲ, ਕਮਲਜੀਤ ਸਿੰਘ ਸੈਣੀ, ਜੋਗਿੰਦਰ ਸਿੰਘ ਮਹਾਲੋਂ, ਰਮਣੀਕ ਸਿੰਘ, ਗੁਰਦੇਵ ਸਿੰਘ ਗਹੂੰਣ, ਜੋਗਾ ਸਿੰਘ ਐਸ ਡੀ ਓ, ਪਲਵਿੰਦਰ ਸਿੰਘ ਕਰਿਆਮ, ਗੋਪਾਲ ਸਿੰਘ ਰੱਕੜ ਢਾਹਾਂ, ਕੁਲਜੀਤ ਸਿੰਘ ਖਾਲਸਾ, ਹਰਨੇਕ ਸਿੰਘ ਧੌਲ, ਗਿਆਨ ਸਿੰਘ, ਗੁਰਮੀਤ ਸਿੰਘ ਲੋਧੀਪੁਰ, ਜਸਕਰਨ ਸਿੰਘ ਹੰਸਰੋਂ, ਗਿਆਨ ਸਿੰਘ, ਜਸਵਿੰਦਰ ਸਿੰਘ ਸੈਣੀ, ਇੰਦਰਜੀਤ ਸਿੰਘ ਬਾਹੜਾ, ਨਵਦੀਪ ਸਿੰਘ, ਦਲਜੀਤ ਸਿੰਘ ਬਡਵਾਲ, ਦਰਸ਼ਨ ਸਿੰਘ ਸੈਣੀ, ਬਖਸ਼ੀਸ਼ ਸਿੰਘ, ਗੁਰਚਰਨ ਸਿੰਘ ਪਾਬਲਾ, ਮਨਜੀਤ ਸਿੰਘ ਮਹਿਤਪੁਰ ਅਤੇ ਮਹਿੰਦਰ ਸਿੰਘ ਜਾਫਰਪੁਰ ਵੀ ਸ਼ਾਮਲ ਸਨ ।

ਰੋਜ਼ਾਨਾ ਲੋਕ ਬਾਣੀ www.lokbani

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖ਼ਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# 7ਵੀਂ ਮਯੰਕ ਸ਼ਰਮਾ ਮੈਮੋਰੀਅਲ ਬੈਡਮਿੰਟਨ ਚੈਂਪੀਅਨਸ਼ਿਪ ਦਾ ਪੋਸਟਰ ਰਿਲੀਜ਼ - 400 ਖਿਡਾਰੀ ਦਿਖਾਉਣਗੇ ਆਪਣੇ ਹੁਨਰ




ਫ਼ਿਰੋਜ਼ਪੁਰ, (ਲੋਕ ਬਾਣੀ) ਮਯੰਕ ਫਾਊਂਡੇਸ਼ਨ ਵੱਲੋਂ 7ਵੀਂ ਮਯੰਕ ਸ਼ਰਮਾ ਮੈਮੋਰੀਅਲ ਬੈਡਮਿੰਟਨ ਚੈਂਪੀਅਨਸ਼ਿਪ ਦਾ ਪੋਸਟਰ ਰਾਏਜ਼ਾਦਾ ਹੰਸਰਾਜ ਸਟੇਡੀਅਮ ਜਲੰਧਰ ਵਿਖੇ ਸਾਬਕਾ ਰਾਸ਼ਟਰੀ ਬੈਡਮਿੰਟਨ ਖਿਡਾਰੀ ਅਤੇ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਖਜ਼ਾਨਚੀ ਰਿਤਿਨ ਖੰਨਾ ਵੱਲੋਂ ਰਿਲੀਜ਼ ਕੀਤਾ ਗਿਆ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਹ ਟੂਰਨਾਮੈਂਟ ਨੌਜਵਾਨ ਸ਼ਟਲਰ ਮਯੰਕ ਸ਼ਰਮਾ ਦੀ ਯਾਦ ਵਿੱਚ ਕਰਵਾਇਆ ਜਾਵੇਗਾ। ਇਸ ਵਾਰ ਉੱਤਰੀ ਭਾਰਤ ਦੇ ਰਾਜਾਂ ਦੇ ਲਗਭਗ 400 ਖਿਡਾਰੀ ਆਪਣੇ ਬੈਡਮਿੰਟਨ ਹੁਨਰ ਦਾ ਪ੍ਰਦਰਸ਼ਨ ਕਰਨਗੇ। ਚੈਂਪੀਅਨਸ਼ਿਪ ਨੂੰ ਅਧਿਕਾਰਤ ਤੌਰ ਤੇ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਅਤੇ ਜ਼ਿਲ੍ਹਾ ਬੈਡਮਿੰਟਨ ਐਸੋਸੀਏਸ਼ਨ, ਫ਼ਿਰੋਜ਼ਪੁਰ ਦੁਆਰਾ ਮਨਜ਼ੂਰੀ ਦਿੱਤੀ ਗਈ ਹੈ, ਜੋ ਟੂਰਨਾਮੈਂਟ ਦੀ ਗੁਣਵੱਤਾ ਅਤੇ ਮੁਕਾਬਲੇ ਦੋਵਾਂ ਦੇ ਉੱਚੇ ਮਿਆਰ ਦੀ ਪੁਸ਼ਟੀ ਕਰਦੀ ਹੈ।

ਰਾਕੇਸ਼ ਕੁਮਾਰ ਪ੍ਰੋਜੈਕਟ ਕੋਰਡੀਨੇਟਰ ਨੇ ਕਿਹਾ ਕਿ ਮਯੰਕ ਸ਼ਰਮਾ ਮੈਮੋਰੀਅਲ ਬੈਡਮਿੰਟਨ ਚੈਂਪੀਅਨਸ਼ਿਪ ਸਿਰਫ ਇੱਕ ਖੇਡ ਈਵੈਂਟ ਨਹੀਂ ਹੈ, ਬਲਕਿ ਮਯੰਕ ਸ਼ਰਮਾ ਦੀ ਯਾਦ ਨੂੰ ਸ਼ਰਧਾਂਜਲੀ ਹੈ। ਉਹ ਇੱਕ ਸ਼ਾਨਦਾਰ ਸ਼ਟਲਰ ਸੀ, ਅਤੇ ਇਸ ਟੂਰਨਾਮੈਂਟ ਦੇ ਜ਼ਰੀਏ ਅਸੀਂ ਖੇਡ ਵਿੱਚ ਉਸਦੇ ਸਮਰਪਣ ਅਤੇ ਯੋਗਦਾਨ ਨੂੰ ਯਾਦ ਕਰਦੇ ਹਾਂ, ਇਹ ਟੂਰਨਾਮੈਂਟ ਹੁਣ ਇੱਕ ਸਾਲਾਨਾ ਪਰੰਪਰਾ ਬਣ ਗਿਆ ਹੈ, ਜਿਸ ਵਿੱਚ ਖਿਡਾਰੀ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕਰਦੇ ਹਨ ਅਤੇ ਨਵੇਂ ਖਿਡਾਰੀਆਂ ਨੂੰ ਇੱਕ ਪਲੇਟਫਾਰਮ ਮਿਲਦਾ ਹੈ। ਇਸ ਮੁਕਾਬਲੇ ਰਾਹੀਂ ਮਯੰਕ ਫਾਊਂਡੇਸ਼ਨ ਨਾ ਸਿਰਫ਼ ਬੈਡਮਿੰਟਨ ਨੂੰ ਉਤਸ਼ਾਹਿਤ ਕਰਦੀ ਹੈ ਸਗੋਂ ਨੌਜਵਾਨ ਖਿਡਾਰੀਆਂ ਨੂੰ ਉੱਜਵਲ ਭਵਿੱਖ ਲਈ ਪ੍ਰੇਰਿਤ ਵੀ ਕਰਦੀ ਹੈ।

7ਵੀਂ ਮਯੰਕ ਸ਼ਰਮਾ ਮੈਮੋਰੀਅਲ ਬੈਡਮਿੰਟਨ ਚੈਂਪੀਅਨਸ਼ਿਪ ਇਸ ਵਾਰ ਵੀ ਰੋਮਾਂਚਕ ਮੈਚਾਂ ਨਾਲ ਭਰਪੂਰ ਹੋਵੇਗੀ। ਅਸੀਂ ਸਾਰੇ ਬੈਡਮਿੰਟਨ ਪ੍ਰੇਮੀਆਂ ਨੂੰ ਇਸ ਟੂਰਨਾਮੈਂਟ ਵਿੱਚ ਸ਼ਾਮਲ ਹੋਣ ਅਤੇ ਖਿਡਾਰੀਆਂ ਦੀ ਹੌਸਲਾ ਅਫਜਾਈ ਕਰਨ ਦੀ ਅਪੀਲ ਕਰਦੇ ਹਾਂ। ਇਸ ਮੌਕੇ ਡਾ: ਗ਼ਜ਼ਲ ਪ੍ਰੀਤ ਅਰਨੇਜਾ, ਅਰੁਣ ਮੌਂਟੀ ਅਰੋੜਾ, ਅਲੋਕ ਨਾਗਪਾਲ,ਚੀਫ ਰੈਫ਼ਰੀ ਰਵੀ ਚੋਹਾਨ , ਕੋਚ ਗਗਨ ਰੱਤੀ, ਧੀਰਜ ਰਾਜਾ ਸ਼ਰਮਾ ਅਤੇ ਦੀਪਕ ਸ਼ਰਮਾ ਹਾਜ਼ਰ ਸਨ ।

ਰੋਜ਼ਾਨਾ ਲੋਕ ਬਾਣੀ www.lokbani

# ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਜ਼ੀ ਦਾ ਜਨਮ ਦਿਨ ਮਨਾਉਂਦਿਆਂ ਵਾਤਾਵਰਣ ਸੰਭਾਲ ਨੌਜਵਾਨ ਸਭਾ ਸਲੋਹ ਵਲੋਂ ਬੂਟੇ ਲਗਾਏ, ਰੁੱਖਾ ਦੀ ਛੰਗਾਈ ਕਰਨ ਤੋਂ ਬਾਅਦ ਕਲੀ ਕੀਤੀ ਗਈ

ਸਹੀਦ ਭਗਤ ਸਿੰਘ ਨਗਰ(ਰਮੇਸ ਸਰਮਾ£ਮਨਪ੍ਰੀਤ ਵਾਸੂ) ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਵਲੋਂ ਚਲਾਈ ਜਾ ਰਹੀ ਪੌਦਾਰੋਪਣ ਮੁਹਿੰਮ ਨੂੰ ਸ.ਫਲ ਬਣਾਉਣ ਲਈ ਅੱਜ ਮਾਸ ਮੀਡੀਆ ਵਿੰਗ ਸਿਵਲ ਸਰਜਨ ਦ.ਫਤਰ ਸ਼ਹੀਦ ਭਗਤ ਸਿੰਘ ਨਗਰ ਤੋਂ ਡਿਪਟੀ ਸਮੂਹ ਸਿੱਖਿਆ ਤੇ ਸੂਚਨਾ ਅ.ਫਸਰ ਤਰਸੇਮ ਲਾਲ ਤੇ ਪਿੰਡ ਸਲੋਹ ਵਾਤਾਵਰਣ ਸੰਭਾਲ ਨੌਜਵਾਨ ਸਭਾ ਵੱਲੋਂ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਜ਼ੀ ਦਾ ਜਨਮ ਦਿਨ ਮਨਾਉਂਦਿਆਂ ਬੂਟੇ ਲਗਾਏ ਗਏ ਅਤੇ ਰੁੱਖਾ ਦੀ ਛੰਗਾਈ ਕਰਨ ਤੋਂ ਬਾਅਦ ਉਹਨਾਂ ਨੂੰ ਕਲੀ ਕੀਤੀ ਗਈ । ਇਸ ਮੌਕੇ ਵਾਤਾਵਰਣ ਸੰਭਾਲ ਸੁਸਾਇਟੀ ਦੇ ਸਮੂਹ ਮੈਂਬਰਾਂ ਵਲੋਂ ਪੌਦਾਰੋਪਣ ਕਰਨ ਤੇ ਉਨ੍ਹਾਂ ਦੀ ਸਾਂਭ ਸੰਭਾਲ ਕਰਨ ਦਾ ਪ੍ਰਣ ਲਿਆ ਗਿਆ। ਇਸ ਮੌਕੇ ਤੇ ਬਿੰਦੂ ਭੱਟੀ ਨੇ ਕਿਹਾਂ ਕਿ ਰੁੱਖ ਕੁੱਖ ਤੇ ਪਾਣੀ ਨਾ ਸਾਂਭੇ ਤਾਂ ਖਤਮ ਕਹਾਣੀ ' ਤਹਿਤ ਅੱਜ ਅਸੀਂ ਸ਼ਹੀਦ ਭਗਤ ਸਿੰਘ ਜ਼ੀ ਦੇ ਜਨਮ ਦਿਨ ਮਨਾਉਂਦਿਆਂ ਬੂਟੇ ਲਗਾਏ ਗਏ। ਉਹਨਾਂ ਕਿਹਾ ਕਿ ਜਿੱਥੇ ਰੁੱਖ ਸਾਨੂੰ ਆਰਥਿਕ ਤੌਰ ਤੇ ਮਜਬੂਤ ਕਰਦੇ ਹਨ ਉੱਥੇ ਰੁੱਖ ਵਾਤਾਵਰਨ ਦੀ ਸਾਂਭ ਸੰਭਾਲ ਵਿੱਚ ਵੱਡਮੁੱਲਾ ਯੋਗਦਾਨ ਵੀ ਪਾਉਂਦੇ ਹਨ। ਰੁੱਖ ਲਗਾਉਣ ਨਾਲ ਧਰਤੀ ਤੇ ਗਰਮੀ ਘੱਟ ਸਕਦੀ ਹੈ ਅਤੇ ਵਾਤਾਵਰਣ ਵਿੱਚ ਆਕਸੀਜਨ ਦੀ ਮਾਤਰਾਂ ਵੱਧਣ ਨਾਲ ਪ੍ਰਦੂਸ਼ਣ ਦੇ ਮਾੜੇ ਪ੍ਰਭਾਵ ਘੱਟ ਹੋਣ ਗੇ ਅਤੇ ਇਨਸਾਨੀ ਜੀਵਨ ਸਿਹਤਮੰਦ ਹੋਵੇ ਗਾਂ ਅਤੇ ਧਰਤੀ ਹੇਠਲੇ ਪਾਣੀ ਦਾ ਲੈਵਲ ਵੀ ਵਧੇਗਾ। ਕਿਉ ਕਿ ਅਸੀਂ ਬੂਟਿਆਂ ਨੂੰ ਪਾਣੀ ਪਾਉਂਦੇ ਹਾਂ ਤਾਂ ਇਸ ਨਾਲ਼ ਬੂਟਿਆਂ ਦੇ ਵੱਧਣ ਫੁੱਲਣ ਨਾਲ਼ ਨਾਲ਼ ਪਾਣੀਂ ਦੇ ਲੈਵਲ ਵੱਧਣ ਵਿੱਚ ਵੀ ਸਹਾਇਕ ਹੋਣਗੇ ਅਤੇ ਵੱਧ ਮੀਂਹ ਪੈਣ ਦੇ ਆਸਾਰ ਹਨ । ਇਸਮੌਕੇ ਜਾਣਕਾਰੀ ਦਿੰਦਿਆਂ ਮਾਸ ਮੀਡੀਆ ਵਿੰਗ ਤੋਂ ਡਿਪਟੀ ਸਮੂਹ ਸਿੱਖਿਆ ਤੇ ਸੂਚਨਾ ਅ.ਫਸਰ ਤਰਸੇਮ ਲਾਲ ਨੇ ਕਿਹਾ ਕਿ ਜਿੱਥੇ ਸਾਨੂੰ ਸ਼ਹੀਦ ਭਗਤ ਸਿੰਘ ਜ਼ੀ ਦੇ ਜਨਮ ਦਿਨ ਤੇ ਬੂਟੇ ਲਗਾਉਣੇ ਚਾਹੀਦੇ ਹਨ ਉੱਥੇ ਆਪਣੇ ਪਰਿਵਾਰਕ ਮੈਂਬਰਾਂ, ਆਂਢ-ਗੁਆਂਢ, ਰਿਸ਼ਤੇਦਾਰਾਂ ਅਤੇ ਗਲ਼ੀ-ਮੁਹੱਲੇ ਦੇ ਵੀਰਾਂ ਤੇ ਭੈਣਾਂ ਨੂੰ ਇੱਕ-



ਇੱਕ ਪੌਦਾ ਆਪਣੀਂ ਮਾਂ ਨੂੰ ਸਮਰਪਿਤ ਜ਼ਰੂਰ ਲਗਾਉਣਾ ਚਾਹੀਦਾ ਹੈ ਤੇ ਉਸ ਦਾ ਪਾਲਣ ਪੋਸ਼ਣ ਕਰਨਾਂ ਚਾਹੀਦਾ ਹੈਂ। ਇੱਕ ਰੁੱਖ, ਸੌ ਸੁੱਖ ਦੀ ਸੱਚਾਈ ਦੇ ਨਾਲ ਨਾਲ ਉਹਨਾਂ ਨੇ ਕਿਹਾ ਕਿ ਰੁੱਖ ਸਾਡੇ ਜਨਮ ਤੋਂ ਮੌਤ ਤੱਕ ਸਾਡਾ ਸਾਥ ਦਿੰਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਨੂੰ ਪਾਣੀ ਦੀ ਬੋਤਲ ਦੇ ਨਾਲ ਨਾਲ ਆਕਸੀਜਨ ਸਿਲੰਡਰ ਨਾਂ ਚੁੱਕਣਾ ਪਵੇ ਤਾਂ ਸਾਨੂੰ ਰੁੱਖ ਜ਼ਰੂਰ ਲਗਾਉਣੇ ਚਾਹੀਦੇ ਹਨ ।ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਸਾਡੇ ਲਗਾਏ ਹੋਏ ਬੂਟਿਆਂ ਨੂੰ ਬਚਾਉਣ ਤੇ ਪਾਲਣ ਵਿੱਚ ਕਿਸਾਨ ਵੀਰ ਅਤੇ ਗੁਜ਼ਰ ਭਾਈ ਚਾਰਾ ਵੀ ਸਹਿਯੋਗ ਦੇਵੇ ਤੇ ਜਦੋਂ ਉਹ ਪਸ਼ੂ ਚਰਾਉਂਦੇ ਹਨ ਤਾਂ ਇਹਨਾਂ ਬੂਟਿਆਂ ਨੂੰ ਬਚਾਉਣ ਵਿੱਚ ਸਾਡੀ ਮੱਦਦ ਕਰਨ। ਇਸ ਮੌਕੇ ਗੁਰਪ੍ਰੀਤ ਭੱਟੀ,ਬਿੰਦੂ ਭੱਟੀ,ਗੌਰਵ ਭੱਟੀ,ਬਲਵੀਰ ਬਿਜਲੀ ਵਾਲਾ,ਇੰਦੋ ਚਾਚਾ, ਨਵਜੋਤ, ਆਰੀਅਨ ਭੱਟੀ ਬਲਰਾਜ ਬੰਗੜ ਡਾਕਟਰ ਪ੍ਰੇਮ ਆਦਿ ਵਲੋਂ ਸਪੂਰਨ ਸਹਿਯੋਗ ਦਿੱਤਾ ਗਿਆ।

ਰੋਜ਼ਾਨਾ ਲੋਕ ਬਾਣੀ www.lokbani

# ਕੈਂਬਰਿਜ ਸਪਾਰਕਲਿੰਗ ਸਟਾਰਜ਼ ਸਕੂਲ ਵਿਖੇ ਅੱਖਾਂ ਦਾ ਮੁਫਤ ਚੈਕਅੱਪ ਕੈਂਪ ਲਗਾਇਆ



ਖਰੜ, (ਕਾਲਾਂ ਸੰਘ ਸੈਣੀ )- ਕੈਂਬਰਿਜ ਸਪਾਰਕਲਿੰਗ ਸਟਾਰਜ਼ ਸਕੂਲ ਖਰੜ ਵਿਖੇ ਅੱਖਾਂ ਦਾ ਮੁਫਤ ਚੈਕਅੱਪ ਕੈਂਪ ਲਗਾਇਆ ਗਿਆ। ਆਈਸਾਈਟ ਚੈਰੀਟੇਬਲ ਅੱਖਾਂ ਦੇ ਹਸਪਤਾਲ ਦੇ ਸਹਿਯੋਗ ਨਾਲ ਸਕੂਲ ਚ ਲਗਾਏ ਗਏਂ ਇਸ ਕੈਂਪਂ ਵੱਚ ਡਾਕਟਰ ਆਦਿਤਿਆ ਸ਼ਰਮਾ, ਰੇਚਲ ਅਰਨੇਜੀ, ਮਨਪ੍ਰੀਤ ਕੌਰ ਸਮੇਤ ਅੱਖਾਂ ਦੇ ਡਾਕਟਰਾਂ ਦੀ ਇੱਕ ਟੀਮ ਸਮੇਤ ਡਾ. ਪ੍ਰਬੋਧ ਸ਼ਰਮਾ ਨੇ ਵੀ ਵਿਦਿਆਰਥੀਆਂ ਅਤੇ ਸਟਾਫ਼ ਦੀਆਂ ਅੱਖਾਂ ਦੀ ਵਿਆਪਕ ਜਾਂਚ ਕੀਤੀ। ਇਸ ਪ੍ਰੋਗਰਾਮ ਨੇ ਅੱਖਾਂ ਦੀ ਸਿਹਤ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕੀਤਾ ਅਤੇ ਕਮਿਊਨਿਟੀ ਦੁਆਰਾ ਸੰਚਾਲਿਤ ਪਹਿਲਕਦਮੀ ਦੇ ਮਹੱਤਵ ਨੂੰ ਉਜਾਗਰ ਕੀਤਾ।

ਰੋਜ਼ਾਨਾ ਲੋਕ ਬਾਣੀ www.lokbani

# ਫੈਬਇੰਡੀਆ ਦੀ ਤਿਉਹਾਰੀ ਪੇਸ਼ਕਸ਼, ਧੂੱਮਾਂ ਨਾਲ ਮਨਾਓ ਨਵਰਾਤਰੀ ਦਾ ਜਸ਼ਨ

ਚੰਡੀਗੜ੍ਹ, (ਲੋਕ ਬਾਣੀ) ਨਵਰਾਤਰੀ ਦੇ ਪਵਿੱਤਰ ਤਿਉਹਾਰ ਤੇ, ਫੈਬਇੰਡੀਆ ਸਵਰਨੀਮ ਕਲੈਕਸ਼ਨ ਲੈ ਕੇ ਆਇਆ ਹੈ ਜੋ ਨਵਰਾਤਰੀ ਜਸ਼ਨਾਂ ਨੂੰ ਹੋਰ ਖਾਸ ਬਣਾ ਦੇਵੇਗਾ। ਇਸ ਕਲੈਕਸ਼ਨ ਵਿੱਚ ਪੁਰਸ਼ਾਂ ਲਈ ਕੁੜਤੇ, ਔਰਤਾਂ ਲਈ ਸਾੜੀਆਂ, ਸਕਰਟਾਂ ਅਤੇ ਬਲਾਊਜ਼ ਅਤੇ ਵਿਸ਼ੇਸ਼ ਗਹਿਣੇ ਹੋਣਗੇ। ਜੀਵੰਤ ਰੰਗਾਂ, ਸ਼ਾਨਦਾਰ ਕਾਰੀਗਰੀ ਅਤੇ ਮੌਸਮੀਤਾ ਦੀ ਭਾਵਨਾ ਨੂੰ ਜੋੜਦੇ ਹੋਏ, ਇਹ ਫੈਬਇੰਡੀਆ ਸੰਗ੍ਰਹਿ ਪਰੰਪਰਾ ਅਤੇ ਆਧੁਨਿਕ ਸ਼ੈਲੀ ਦਾ ਇੱਕ ਵਿਲੱਖਣ ਮਿਸ਼ਰਣ ਹੈ ਜੋ ਭਾਰਤੀ ਸ਼ਿਲਪਕਾਰੀ ਦੀ ਸੱਭਿਆਚਾਰਕ ਵਿਰਾਸਤ ਦਾ ਜਸ਼ਨ ਮਨਾਉਂਦਾ ਹੈ। ਸਾੜੀਆਂ ਤੋਂ ਇਲਾਵਾ, ਫੈਬਇੰਡੀਆ ਦੇ ਆਕਰਸ਼ਕ ਸੰਗ੍ਰਹਿ ਵਿੱਚ ਔਰਤਾਂ ਲਈ ਨਸਲੀ ਪਹਿਰਾਵੇ ਦੀ ਇੱਕ ਸ਼ਾਨਦਾਰ ਸ਼੍ਰੇਣੀ ਹੈ ਜਿਸ ਵਿੱਚ ਸਕਰਟ, ਧੋਤੀ, ਚੋਲੀ ਆਦਿ ਸ਼ਾਮਲ ਹਨ ਜੋ ਨਵਰਾਤਰੀ ਦੇ ਰੰਗਾਂ ਨੂੰ ਫੜਦੇ ਹਨ। ਲਾਲ ਅਤੇ ਨੀਲੇ ਤੋਂ ਲੈ ਕੇ ਚਿੱਟੇ ਅਤੇ ਹਰੇ ਤੱਕ, ਹਰ ਰੋਜ਼ ਇੱਕ ਵੱਖਰੇ ਰੰਗ ਦਾ ਪਹਿਰਾਵਾ ਚੁਣਿਆ ਜਾ ਸਕਦਾ ਹੈ। ਇਨ੍ਹਾਂ ਵੱਖ-ਵੱਖ ਰੰਗਾਂ ਦੇ ਪੁਸ਼ਾਕਾਂ ਨੂੰ ਵਧੀਆ ਕਢਾਈ ਅਤੇ ਗੁੰਝਲਦਾਰ ਕਾਰੀਗਰੀ ਨਾਲ ਹੋਰ ਵੀ ਖਾਸ ਬਣਾਇਆ ਗਿਆ ਹੈ। ਲੁਕ ਨੂੰ ਸੰਪੂਰਨ ਬਣਾਉਣ ਲਈ, ਮੈਚਿੰਗ ਬਲਾਊਜ਼, ਦੁਪੱਟਾ ਅਤੇ ਹੋਰ ਕਈ ਸਮਾਨ ਚੁਣ ਸਕਦੇ ਹੋ ਜੋ ਤਿਉਹਾਰ ਦੀ ਲੁਕ ਨੂੰ ਹੋਰ ਖਾਸ ਬਣਾ ਦੇਣਗੇ। ਨਵਰਾਤਰੀ ਤਿਉਹਾਰ ਨੂੰ ਧਿਆਨ ਵਿਚ ਰੱਖਦੇ ਹੋਏ, ਫੈਬਇੰਡੀਆ ਨੇ ਪੁਰਸ਼ਾਂ ਲਈ ਕੁਰਤਿਆਂ ਦੀ ਅਜਿਹੀ ਵਿਸ਼ੇਸ਼ ਰੇਂਜ ਪੇਸ਼ ਕੀਤੀ ਹੈ। ਇਸ ਵਿੱਚ ਰਵਾਇਤੀ ਕਾਰੀਗਰੀ ਨੂੰ ਆਧੁਨਿਕ ਸ਼ੈਲੀ ਨਾਲ ਜੋੜਿਆ ਗਿਆ ਹੈ। ਨਵਰਾਤਰੀ ਦੇ ਅਨੁਸਾਰ ਰੰਗਾਂ ਵਿੱਚ ਸੂਤੀ ਅਤੇ ਸਿਲਕ ਦੇ ਮਿਸ਼ਰਣ ਵਾਲੇ ਕੁਰਤੇ ਖਰੀਦ ਸਕਦੇ ਹੋ। ਉਹਨਾਂ ਨੂੰ ਚੂੜੀਦਾਰ ਜਾਂ ਧੋਤੀ ਨਾਲ ਜੋੜੋ, ਅਤੇ ਹਰ ਨਵਰਾਤਰੀ ਜਸ਼ਨ ਨੂੰ ਬੰਦਗਲਾ ਜੈਕਟਾਂ ਅਤੇ ਕਮਰਕੋਟਾਂ ਨਾਲ ਵਿਸ਼ੇਸ਼ ਬਣਾਓ। ਬੱਚਿਆਂ ਲਈ ਫੈਬਇੰਡੀਆ ਦਾ ਨਸਲੀ ਪਹਿਰਾਵੇ ਦਾ ਸੰਗ੍ਰਹਿ ਆਰਾਮ ਅਤੇ ਸ਼ੈਲੀ ਦਾ ਸੁਮੇਲ ਹੈ। ਲੜਕਿਆਂ ਲਈ ਕੁੜਤੇ ਅਤੇ ਧੋਤੀਆਂ ਹਨ ਅਤੇ ਕੁੜੀਆਂ ਲਈ ਆਕਰਸ਼ਕ ਡਿਜ਼ਾਈਨ ਕੀਤੇ ਲਹਿੰਗਾ ਅਤੇ ਅਨਾਰਕਲੀ ਸੈੱਟ ਹਨ। ਹਰੇਕ ਪਹਿਰਾਵੇ ਨੂੰ ਨਰਮ-ਨਰਮ ਫੈਬਇੰਡੀਆ ਤੋਂ ਬਣਾਇਆ ਗਿਆ ਹੈ ਤਾਂ ਜੋ ਇਹ ਨਾ ਸਿਰਫ਼ ਬੱਚਿਆਂ ਲਈ ਆਰਾਮਦਾਇਕ ਹੋਵੇ, ਸਗੋਂ ਉਹਨਾਂ ਨੂੰ ਤਿਉਹਾਰਾਂ ਦਾ ਦਿੱਖ ਵੀ ਬਣਾਉਂਦਾ ਹੈ।

ਫੈਬਇੰਡੀਆ ਦੇ ਨਵਰਾਤਰੀ ਤੋਂ ਪ੍ਰੇਰਿਤ ਸੁਨਹਿਰੀ ਫੈਬਹੋਮ ਕੋਲੈਕਸ਼ਨ ਵਿੱਚੋਂ ਚੁਣੋ। ਆਪਣੇ ਪੂਜਾ ਸਥਾਨ ਨੂੰ ਪਿੱਤਲ ਅਤੇ ਤਾਂਬੇ ਦੀਆਂ ਪੂਜਾ ਪਲੇਟਾਂ, ਧੂਪ ਸਟਿਕ ਧਾਰਕਾਂ ਅਤੇ ਤੇਲ ਦੇ ਦੀਵੇ (ਦੀਵੇ) ਨਾਲ ਸਜਾ ਕੇ ਵੀ ਨਵਰਾਤਰੀ ਦੀ ਪੂਜਾ ਨੂੰ ਹੋਰ ਵੀ ਵਿਸ਼ੇਸ਼ ਬਣਾ ਸਕਦੇ ਹੋ। ਫੈਬਇੰਡੀਆ ਦੇ ਨਿੱਜੀ ਦੇਖਭਾਲ ਉਤਪਾਦ ਤਿਉਹਾਰਾਂ ਦੇ ਸੀਜ਼ਨ ਦੌਰਾਨ ਤੁਹਾਨੂੰ ਤਾਜ਼ਗੀ ਮਹਿਸੂਸ ਕਰਨਗੇ। ਖੁਸ਼ਬੂਦਾਰ ਤੇਲ, ਸਾਬਣ, ਅਤੇ ਬਾਡੀ ਲੋਸ਼ਨ ਸਮੇਤ ਜ਼ਹਿਰ-ਮੁਕਤ ਚਮੜੀ ਦੀ ਦੇਖਭਾਲ ਅਤੇ ਇਸ਼ਨਾਨ ਦੀਆਂ ਜ਼ਰੂਰੀ ਚੀਜ਼ਾਂ ਲਈ ਆਪਣੇ ਆਪ ਦਾ ਇਲਾਜ



ਕਰੋ, ਅਤੇ ਨਵਰਾਤਰੀ ਦੇ ਹਰ ਦਿਨ ਨੂੰ ਵਿਲੱਖਣ ਬਣਾਓ।

ਰੋਜ਼ਾਨਾ ਲੋਕ ਬਾਣੀ www.lokbani

# ਫਗਵਾੜਾ ਪੱਤਰਕਾਰ ਸੰਗਠਨ ਨੇ ਸ਼ਹੀਦੇ ਆਜ਼ਮ ਭਗਤ ਸਿੰਘ ਜੀ ਦਾ 117 ਵਾਂ ਜਨਮਦਿਨ ਮਨਾਇਆ

## ਨੌਜਵਾਨ ਪੀੜ੍ਹੀ ਨੂੰ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਅੱਗੇ ਆਉਣਾ ਪਵੇਗਾ : ਡਾ ਰਮਨ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਫਗਵਾੜਾ ਪੱਤਰਕਾਰ ਸੰਗਠਨ ਰਜਿ ਫਗਵਾੜਾ ਵਲੋਂ ਪ੍ਰਧਾਨ ਡਾ ਰਮਨ ਸ਼ਰਮਾ ਦੀ ਪ੍ਰਧਾਨਗੀ ਹੇਠ ਅੱਜ ਸਤਨਾਮਪੁਰਾ ਵਿਖੇ ਸ਼ਹੀਦੇ ਆਜ਼ਮ ਸ੍ਰ ਭਗਤ ਸਿੰਘ ਦੇ 117ਵੇਂ ਜਨਮ ਦਿਨ ਉਪਰ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਇਸ ਮੌਕੇ ਇੰਨਕਲਾਬ ਜਿੰਦਾਬਾਦ ਦੇ ਨਾਅਰੇ ਲਾਏ ਗਏ ਅਤੇ ਸ਼ਹੀਦਾਂ ਨੂੰ ਨਮਨ ਕੀਤਾ ਗਿਆ ਇਸ ਮੌਕੇ ਬੋਲਦਿਆਂ ਪ੍ਰਧਾਨ ਡਾ ਰਮਨ ਨੇ ਕਿਹਾ ਕਿ ਸਾਨੂੰ ਸ਼ਹੀਦ ਭਗਤ ਸਿੰਘ ਦੇ ਦਿਖਾਏ ਰਸਤੇ ਤੇ ਚੱਲਣਾ ਚਾਹੀਦਾ ਹੈ ਉਹਨਾਂ ਕਿਹਾ ਕਿ ਭਗਤ ਸਿੰਘ ਨੇ ਸਾਨੂੰ ਵਧੀਆ ਅਨੁਸ਼ਾਸਨ ਦੇਣ ਲਈ ਆਪਣੀ ਜਾਨ ਤੱਕ ਵਾਰ ਦਿੱਤੀ ਇਸ ਲਈ ਸਾਨੂੰ ਵੀ ਉਹਨਾਂ ਵਲੋਂ ਦਿੱਤੀ ਕੁਰਬਾਨੀ ਦਾ ਮੁੱਲ ਉਤਰਨਾ ਚਾਹੀਦਾ ਹੈ ਉਹਨਾਂ ਨੇ ਨੌਜਵਾਨਾਂ ਨੂੰ ਵੀ ਨਸ਼ਿਆਂ ਤੋਂ ਦੂਰ ਰਹਿ ਕੇ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਅੱਗੇ ਆਉਣਾ ਪਵੇਗਾ ਕਮਲਦੀਪ ਸਿੰਘ ਨੇ ਅਪਣੇ ਸੰਬੋਧਨ ਚ ਬੋਲਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਜੀ ਦਾ ਭਾਰਤ ਨੂੰ ਆਜ਼ਾਦ ਕਰਵਾਉਣ ਵਿੱਚ ਬਹੁਤ ਵੱਡਾ ਯੋਗਦਾਨ ਹੈ ਸਾਨੂੰ ਉਨ੍ਹਾਂ ਦੇ ਜੀਵਨ ਤੋਂ ਸੇਧ ਲੈਣ ਦੀ ਲੋੜ ਹੈ ਉਨ੍ਹਾਂ ਦਾ ਬਲਿਦਾਨ ਭਾਰਤ ਵਾਸੀ ਕਦੀ ਭੁੱਲ ਨਹੀਂ ਸਕਦੇ ਅੱਜ ਦੇ ਸਮੇਂ ਵਿੱਚ ਲੋੜ ਹੈ ਕਿ ਨੌਜਵਾਨ ਸ਼ਹੀਦ ਭਗਤ ਸਿੰਘ ਦੇ ਦਿਖਾਏ ਰਾਹ ਤੇ ਚੱਲਣ ਤਾਂ ਜੋ ਸਾਡਾ ਦੇਸ਼ ਹੋਰ ਅੱਗੇ ਵੱਧ ਸਕੇ ਇਸ ਮੌਕੇ ਪ੍ਰਧਾਨ ਡਾ ਰਮਨ , ਸੁਖਬੀਰ ਸਿੰਘ ਸ਼ੀਰਾ , ਨਰਿੰਦਰਪਾਲ ਸਿੰਘ ਮਾਹੀ , ਅਸ਼ੋਕ ਸ਼ਰਮਾ , ਕਮਲਦੀਪ ਸਿੰਘ , ਜੀਵਨ ਸੰਘਾ , ਐਡਵੋਕੇਟ ਧੰਨਦੀਪ ਕੋਰ , ਅਜੇ ਕੋਛੜ, ਗੁਰਪ੍ਰੀਤ ਕੌਰ ਆਦਿ ਹਾਜਰ ਸਨ

ਰੋਜ਼ਾਨਾ ਲੋਕ ਬਾਣੀ
www.lokbani

# ਬੇਗਮਪੁਰਾ ਏਡ ਇੰਟਰਨੈਸ਼ਨਲ ਦੀ ਤੀਸਰੀ( ਬ੍ਰਾਂਚ ਜਰਮਨੀ) ਦੀ ਕੀਤੀ ਗਈ ਸੰਥਾਪਨਾ






ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਬੇਗਮਪੁਰਾ ਏਡ ਇੰਟਰਨੈਸ਼ਨਲ ਦੀ ਤੀਸਰੀ

(ਬ੍ਰਾਂਚ ਜਰਮਨੀ)ਦੀ ਕੀਤੀ ਗਈ ਸੰਥਾਪਨਾ,ਸਾਡੇ ਬਹੁਤ ਹੀ ਸਤਿਕਾਰਯੋਗ ਸਾਥੀ ਸ਼੍ਰੀ ਮਾਨ ਹੰਸਰਾਜ ਜੀ ਬਾਲੀ ਜਰਮਨ ਬ੍ਰਾਂਚ ਦੇ ਹੋਣਗੇ ਮੁੱਖ ਸੇਵਾਦਾਰ,ਭਾਈ ਰਾਮ ਸਿੰਘ ਜੀ ਮੈਂਗੜਾ ਮੁੱਖ ਸੇਵਾਦਾਰ(ਬੇ.ਗ਼ਮਪੁਰਾ ਏਡ ਇੰਟਰਨੈਸ਼ਨਲ) ਅਤੇ ਟੀਮ ਫਰਾਂਸ,ਜਰਮਨੀ ਦੇ ਸ਼ਹਿਰ ਡੌਨ ਵਿੱਚ ਸੰਗਤਾਂ ਦੇ ਇੱਕ ਭਾਰੀ ਇਕੱਠ ਵਿੱਚ (ਬੇਗਮਪੁਰਾ ਏਡ ਇੰਟਰਨੈਸ਼ਨਲ) ਦੀ (ਤੀਸਰੀ ਬ੍ਰਾਂਚ ਜਰਮਨੀ ਦੀ ਹੋਈ ਸਥਾਪਨਾ) ਸੰਗਤਾਂ ਨੇ ਜੈਕਾਰਿਆਂ ਨਾਲ ਸੰਸਥਾ (ਬੇਗਮਪੁਰਾ ਏਡ ਇੰਟਰਨੈਸ਼ਨਲ) ਬ੍ਰਾਂਚ ਜਰਮਨੀ ਦਾ ਕੀਤਾ ਗਿਆ ਸਵਾਗਤ ਦੱਸ ਦਈਏ ਕੇ ਇਹ (ਬੇਗਮਪੁਰਾ ਏਡ ਇੰਟਰਨੈਸ਼ਨਲ) ਦੀ ਤੀਸਰੀ ਬ੍ਰਾਂਚ ਹੈ ਇਸ ਤੋਂ ਪਹਿਲਾਂ ਹੋਲੈਂਡ,ਭਾਰਤ,ਤੇ ਹੁਣ ਜਰਮਨੀ ਵਿੱਚ ਬ੍ਰਾਂਚ ਬਣਾਈ ਗਈ ਹੈ,ਜਦ ਕੇ ਇਸ ਸੰਸਥਾ ਦਾ ਹੈੱਡ ਕੁਆਟਰ (ਫਰਾਂਸ) ਵਿੱਚ ਹੈ,ਬ੍ਰਾਂਚ ਜਰਮਨੀ ਦੇ ਮੁੱਖ ਸੇਵਾਦਰ ਹੰਸਰਾਜ ਜੀ ਬਾਲੀ ਅਤੇ ਉਹਨਾਂ ਦੇ ਸਾਥੀ ਕਾਫੀ ਲੰਮੇ ਸਮੇਂ ਤੋਂ ਪਹਿਲਾਂ ਹੀ (ਬੇ.ਗ਼ਮਪੁਰ ਏਡ ਇੰਟਰਨੈਸ਼ਨਲ) ਸੰਸਥਾ ਵੱਲੋਂ ਕੀਤੀਆਂ ਜਾ ਰਹੀਆਂ ਗਤੀਵਿਧੀਆ ਨਾਲ ਰਲਕੇ ਮਿਲਕੇ ਬਹੁਤ ਵੱਡੀਆਂ ਵੱਡੀਆਂ ਸੇਵਾਵਾਂ ਕਰ ਰਹੇ ਹਨ,ਬ੍ਰਾਂਚ ਬਣਾਉਣ ਦਾ ਮਕਸਦ ਇੱਕੋ ਇੱਕ ਹੈ ਸਤਿਗੁਰਾਂ ਵੱਲੋਂ ਚਲਾਏ ਹੋਏ ਮਿਸ਼ਨ ਮਨੁੱਖਤਾ ਦੀ ਸੇਵਾ ਕਰਨੀ ਤੇ ਜ਼ਰੂਰਤ ਮੰਦ ਲੋਕਾਂ ਦੇ ਦੁੱਖ ਸੁੱਖ ਵਿੱਚ ਨਾਲ ਖੜੋਣਾ ਉਹਨਾਂ ਦੇ ਕੰਮ ਆਉਣਾ ਤੇ ਸੇਵਾਂ ਕਰਨੀਆਂ,ਤੇ (ਏਕੁ ਪਿਤਾ ਏਕਸ ਕੇ ਹਮ ਬਾਰਿਕ) ਦੇ ਸਿਧਾਂਤ ਤੇ ਪਹਿਰਾ ਦੇਣਾ ਹੈ,ਇਸ ਸ਼ੁਭ ਮੌਕੇ ਤੇ (ਬੇਗਮਪੁਰਾ ਏਡ ਇੰਟਰਨੈਸ਼ਨਲ) ਹੋਲੈਂਡ ਬ੍ਰਾਂਚ ਦੇ ਮੁੱਖ ਸੇਵਾਦਾਰ ਸ਼੍ਰੀ ਮਾਨ ਬਖਸ਼ੀ ਲਾਲ ਜੀ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਅਤੇ ਭਾਰਤ ਬ੍ਰਾਂਚ ਦੇ ਮੁੱਖ ਸੇਵਾਦਾਰ ਸ਼੍ਰੀ ਮਾਨ ਲਸ਼ਮਣ ਲਾਲ ਜੀ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਜਰਮਨ ਦੀ ਧਰਤੀ ਤੇ ਸਤਿਗੁਰਾਂ ਦੇ ਨਾਮ ਤੇ ਬਣਾਈ ਗਈ ਸੰਸਥਾ (ਬੇਗਮਪੁਰਾ ਏਡ ਇੰਟਰਨੈਸ਼ਨਲ) ਦੀ ਬ੍ਰਾਂਚ ਦੀ ਸੰਥਾਪਨਾ ਕਰਨ ਤੇ ਬਹੁਤ ਬਹੁਤ ਵਧਾਇਆ ਦਿੱਤੀਆ,ਅਤੇ ਸ਼੍ਰੀ ਮਾਨ ਹੰਸਰਾਜ ਜੀ ਬਾਲੀ ਹੁਣਾ ਨੂੰ ਹਰ ਤਰਾਂ ਦਾ ਸਹਿਯੋਗ ਦੇਣਾ ਕੀਤਾ ਵਾਧਾ,ਆਓ ਆਪਾਂ ਵੀ ਸਹੀ ਤਰੀਕੇ ਨਾਲ (ਬੇਗਮਪੁਰਾ) ਦੇ ਸਧਾਂਤ ਤੇ ਚੱਲ ਕੇ ਦੀਨ ਦੁਨੀਆਂ ਭਰ ਵਿੱਚ ਵਸਦੇ ਹਰ ਇਕ ਪ੍ਰਾਣੀ ਨੂੰ ਰੋਜ਼ੀ,ਰੋਟੀ,ਰੁਜ਼ਗਾਰ,ਸਿਹਤ,ਸਿੱਖਿਆ ਤੇ ਸਤਿਕਾਰ ਦਵਾਉਣ ਲਈ (ਬੇ.ਗ਼ਮਪੁਰਾ ਸਹਿਰ ਕਾ ਨਾਓਂ) ਦੀ ਵਿਚਾਰਧਾਰਾ ਜੋ ਸਾਡੇ ਸਤਿਗੁਰਾਂ ਨੇ ਸਾਨੂੰ ਦਿੱਤੀ ਹੈ ਆਪਾਂ ਵੀ ਇਸ ਮਾਰਗ ਤੇ ਚੱਲਣ ਦੀ ਕੋਸ਼ਸ਼ ਕਰਈਏ,ਆਓ ਆਪਾਂ ਵੀ ਇਸ ਉੱਪਰ ਚੱਲ ਕੇ ਆਪਣੇ ਵੱਲੋਂ ਬਣਦਾ ਪਹਿਰਾ ਦੇਈਏ,ਤੇ ਗੁਰੂ ਸਾਬ ਜੀ ਦੀ ਇਨਕਲਾਬੀ ਅਤੇ ਮੱਨੁਖਤਾਵਾਦੀ ਵਿਚਾਰਧਾਰਾ ਤੇ ਪਹਿਰਾ ਦਿੰਦੇ ਹੋਏ ਆਪਣਾ ਮਨੁੱਖਾ ਜੀਵਨ ਸਫ਼ਲ ਬਣਾਈਏ,ਪਹਿਲਾਂ ਆਪਾ ਆਪਣੀ ਸੋਚ ਬਦਲੀਏ ਫਿਰ ਸਮਾਜ ਇਕ ਦਿਨ ਜ਼ਰੂਰ ਬਦਲੇਗਾ !!!

ਰੋਜ਼ਾਨਾ ਲੋਕ ਬਾਣੀ
www.lokbani

# ਕੌਂਸਲਰ ਰਾਜਵੀਰ ਸਿੰਘ ਰਾਜੀ ਵਲੋਂ ਕ੍ਰਿਕਟ ਟੂਰਨਾਮੈਂਟ ਦਾ ਪੋਸਟਰ ਕੀਤਾ ਰਿਲੀਜ਼



ਖਰੜ (ਕਾਲਾ ਸਿੰਘ ਸੈਣੀ) -ਸ੍ਰੀ ਗੁਰੂ ਤੇਗ ਬਹਾਦਰ ਜੀ ਸਪੋਰਟਸ ਕਲੱਬ ਖਰੜ ਵਲੋਂ ਕਰਵਾਏ ਜਾ ਰਹੇ ਤੀਸਰੇ ਆਲ ਓਪਨ ਕ੍ਰਿਕਟ ਕ੍ਰਿਕਟ ਟੂਰਨਾਮੈਂਟ ਦਾ ਪੋਸਟਰ ਕੌਂਸਲਰ ਰਾਜਵੀਰ ਸਿੰਘ ਰਾਜੀ ਵਲੋਂ ਰਿਲੀਜ਼ ਕੀਤਾ ਗਿਆ। ਇਹ ਟੂਰਨਾਮੈਂਟ 5 ਅਕਤੂਬ ਤੋਂ ਲੈ ਕੇ 6 ਅਕਤੂਬਰ ਤੱਕ ਆਰਮੀ ਗਰਾਊਂਡ ਭਗਤ ਘਾਟ ਖਰੜ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਪ੍ਰੈਸ ਨੋਟ ਜਾਰੀ ਕਰਦਿਆਂ ਕਲੱਬ ਪ੍ਰਧਾਨ ਦਿਲਸ਼ਰਨ ਧਨੋਆ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਟੂਰਨਾਮੈਂਟ ਦਾ ਪਹਿਲਾ ਇਨਾਮ 21 ਹਜ਼ਾਰ ਰੁਪਏ ਅਤੇ ਦੂਸਰਾ ਇਨਾਮ 11 ਹਜ਼ਾਰ ਰੁਪਏ ਦਾ ਰੱਖਿਆ ਗਿਆ ਹੈ। ਇਸ ਮੌਕੇ ਜੈਲੀ ਸਨੇਟਾ,ਹਨੀ ਸੰਧੂ,ਹਨੀ ਕਪੂਰ,ਲਵੀ ਖਰੜ,ਡਾਂਗੀ ਖਾਲਸਾ, ਲਾਲੀ ਛੱਜੂ ਮਾਜਰਾ,ਰਿਸ਼ੀ ਖਰੜ,ਸੋਨਾ,ਜੋਗਾ ਰੋੜਾ ਅਤੇ ਜਗਨੰ ਖਰੜ ਮੈਂਬਰ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ
www.lokbani

# ਖ਼ੂਨਦਾਨ ਸੇਵਾ ਮਾਨਵ ਸੇਵਾ ਦੀ ਸਭ ਤੋਂ ਵੱਡੀ ਉਦਾਹਰਣ - ਸੋਮ ਪ੍ਰਕਾਸ਼

## ਖ਼ੂਨਦਾਨ ਸੇਵਾ ਸਮਾਜ ਨੂੰ ਜੋੜਨ ਵਾਲੀ ਸੇਵਾ : ਸਾਂਸਦ ਅਸ਼ੋਕ ਮਿੱਤਲ

ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਖ਼ੂਨਦਾਨ ਸੇਵਾ ਮਾਨਵ ਸੇਵਾ ਦੀ ਸਭ ਤੋਂ ਵੱਡੀ ਉਦਾਹਰਣ ਹੈ ਅਤੇ ਖ਼ੂਨਦਾਨੀ ਸਮਾਜ ਦੇ ਅਸਲੀ ਹੀਰੋ ਹਨ ਜਿਹੜੇ ਜ਼ਿੰਦਗੀ ਬਚਾਉਣ ਦੇ ਨਾਲ ਸਮਾਜ ਅੰਦਰ ਵੱਖਵਾਦੀ ਪ੍ਰਦੂਸ਼ਣ ਤੋਂ ਵੀ ਮੁਕਤੀ ਪ੍ਰਦਾਨ ਕਰਨ ਵਿੱਚ ਮਦਦ ਕਰ ਕਰ ਰਹੇ ਹਨ ਕਿਉਂਕਿ ਖ਼ੂਨਦਾਨ ਵਾਲੀ ਬੋਤਲ ਤੇ ਕੋਈ ਮਜ਼ਹਬ ਜਾਂ ਜਾਤ ਨਹੀਂ ਲਿਖੀ ਹੁੰਦੀ ਹਿੰਦੁਸਤਾਨ ਵੈਲਫੇਅਰ ਬਲੱਡ ਡੋਨਰਜ਼ ਕਲੱਬ ( ਰਜ਼ਿ) ਫਗਵਾੜਾ ਵਲੋਂ ਆਯੋਜਿਤ 30 ਵੇਂ ਸਲਾਨਾ ਸਮਾਰੋਹ ਵਿਖੇ ਮੁੱਖ ਮਹਿਮਾਨ ਸਾਬਕਾ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਕੈਂਥ ਨੇ ਇਹ ਸ਼ਬਦ ਖ਼ੂਨਦਾਨੀਆਂ ਦੇ ਹੌਸਲੇ ਨੂੰ ਦੇਖਕੇ ਵਿਅਕਤ ਕੀਤੇ ।ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ 117ਵੇਂ ਜਨਮ ਦਿਹਾੜੇ ਅਤੇ 20ਵੇਂ ਰਾਸ਼ਟਰੀ ਸਵੈ-ਇੱਛਤ ਖ਼ੂਨਦਾਨ ਦਿਵਸ ਨੂੰ ਸਮਰਪਿਤ ਇਸ ਸਮਾਰੋਹ ਵਿੱਚ ਮੁੱਖ ਮਹਿਮਾਨ ਰਾਜ ਸਭਾ ਮੈਂਬਰ ਅਸ਼ੋਕ ਮਿੱਤਲ , ਵਿਸ਼ੇਸ਼ ਮਹਿਮਾਨ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ, ਅਤੇ ਆਪ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਖ਼ੂਨਦਾਨੀਆਂ ਦੇ ਜਜ਼ਬੇ ਦੀ ਤਾਰੀਫ ਕਰਦਿਆਂ ਕਿਹਾ ਕਿ ਇਹ ਮਹਾਨ ਸੇਵਾ ਮਨੁੱਖਤਾ ਦੀ ਅਸਲੀ ਸੇਵਾ ਹੈ । ਪ੍ਰੋਗਰਾਮ ਵਿੱਚ ਵਿਸ਼ੇਸ਼ ਰੂਪ ਵਿੱਚ ਪਹੁੰਚੇ ਸਰਪ੍ਰਸਤ ਕੁਲਦੀਪ ਸਰਦਾਨਾ , ਮਾਰਕੀਟ ਕਮੇਟੀ ਚੇਅਰਮੈਨ ਤਵਿੰਦਰ ਰਾਮ ਅਤੇ ਨਗਰ ਸੁਧਾਰ ਟ੍ਰਸਟ ਚੇਅਰਮੈਨ ਕਸ਼ਮੀਰ ਸਿੰਘ ਮੱਲੀ ਨੇ ਕਲੱਬ ਦੇ ਉਪਰਾਲੇ ਦੀ ਸ਼ਲਾਘਾ ਕੀਤੀ । ਨਹਿਰੂ ਯੁਵਾ ਕੇਂਦਰ ਸੰਗਠਨ ਕਪੂਰਥਲਾ ਦੇ ਜ਼ਿਲ੍ਹਾ ਯੂਥ ਅਫਸਰ ਗਗਨਦੀਪ ਕੌਰ ਅਤੇ ਪਵਨ ਕੁਮਾਰ ਕਾਲੜਾ , ਖੱਤਰੀ ਸਭਾ ਪ੍ਰਧਾਨ ਮਦਨ ਮੋਹਨ ਬਜਾਜ ਨੇ ਸਭ ਨੂੰ ਖ਼ੂਨਦਾਨ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਖ਼ੂਨਦਾਨ ਖੇਤਰ ਵਿੱਚ ਪੰਜਾਬੀਆਂ ਨੂੰ ਅਜੇ ਹੋਰ ਸਮਰਪਣ ਦੀ ਜ਼ਰੂਰਤ ਹੈ । ਜੀ.ਐਨ.ਏ. ਯੂਨੀਵਰਸਿਟੀ, ਐਚ.ਡੀ.ਐਫ.ਸੀ. ਬੈਂਕ, ਕਿੰਗ ਹਿਲਜ ,ਐਫਲਿਊਜੈਂਸ ਇਰਾ ਐਵੋਲਿਊਸ਼ਨ , ਐਲੀਵੇਸ਼ਨ ਇੰਸਟੀਚਿਊਟ, ਸੁਖਜੀਤ ਸਟਾਰਚ ਐਂਡ ਕੈਮੀਕਲਜ਼ , ਨੱਚ ਬੱਲੀਏ ਡਾਂਸ ਅਕੈਡਮੀ ਅਤੇ ਮਹਾਰਾਜਾ ਪੈਲਸ ਦੇ ਸਹਿਯੋਗ ਨਾਲ ਆਯੋਜਿਤ ਇਸ ਵਿਸ਼ਾਲ ਖ਼ੂਨਦਾਨ ਕੈਂਪ ਵਿੱਚ 4 ਜੋੜਿਆਂ, 5 ਪਿਤਾ ਪੁੱਤਰ , 65 ਮਹਿਲਾਵਾਂ ਅਤੇ ਪਹਿਲੀ ਵਾਰ ਖ਼ੂਨਦਾਨ ਕਰਨ ਵਾਲੇ 92 ਖ਼ੂਨਦਾਨੀਆਂ ਸਹਿਤ 1196 ਖ਼ੂਨ ਦਾਨੀਆਂ ਨੇ ਸਵੈ-ਇੱਛਤ ਖ਼ੂਨਦਾਨ ਕੀਤਾ ਕੈਂਪ ਵਿੱਚ ਅਜ਼ਾਦ ਯੂਥ ਵੈਲਫੇਅਰ ਸੁਸਾਇਟੀ,ਮੈੜ ਰਾਜਪੂਤ ਸਭਾ ਫਗਵਾੜਾ , ਖੱਤਰੀ ਸਭਾ , ਭਾਰਤੀ ਜਨਤਾ ਯੁਵਾ ਮੋਰਚਾ , ਆਟੋ ਮੋਬਾਇਲ ਡੀਲਰਜ਼ ਐਸੋਸੀਏਸ਼ਨ, ਸਾਇੰਸ ਟੀਚਰਜ਼ ਐਸੋਸੀਏਸ਼ਨ ਅਤੇ ਭਾਰਤੀ ਯੋਗ ਸੰਸਥਾਨ ਦੇ ਮੈਂਬਰਾਂ ਨੇ ਪੂਰੇ ਜੋਸ਼ ਨਾਲ ਹਿੱਸਾ ਲਿਆ ਸ਼ਮਾ ਰੋਸ਼ਨ ਸੋਮ ਪ੍ਰਕਾਸ਼ ਕੈਂਥ ਦੇ ਨਾਲ ਅਸ਼ੋਕ ਮਿੱਤਲ ਕਲੱਬ ਦੇ ਸਰਪ੍ਰਸਤ ਪ੍ਰਦੀਪ ਬੇਦੀ, ਚੇਅਰਮੈਨ ਜਰਨੈਲ ਸਿੰਘ ਬਸਰਾ , ਕੌਂਸਲਰ ਸਰਬਜੀਤ ਕੌਰ, ਮੈਡਮ ਅਨੀਤਾ ਸੋਮ ਪ੍ਰਕਾਸ਼, ਮੈਡਮ ਪ੍ਰਿਤਪਾਲ ਕੌਰ ਤੁਲੀ ਵਲੋਂ ਕੀਤਾ ਗਿਆ । ਐਚ.ਡੀ.ਐਫ.ਸੀ. ਬੈਂਕ ਦੇ ਪੰਕਜ ਸ਼ਰਮਾ, ਐਫਲੂਜੈਂਸ ਇਰਾ ਐਵੋਲਿਊਸ਼ਨ ਦੇ ਐਮ.ਡੀ. ਸੁਬੋਧ ਗੁਪਤਾ ਅਤੇ ਅਮਿਤ ਗਰੋਵਰ,ਨਗਰ ਸੁਧਾਰ ਟਰਸਟ ਚੇਅਰਮੈਨ ਕਸ਼ਮੀਰ ਸਿੰਘ ਮੱਲੀ, ਜ਼ਿਲ੍ਹਾ ਯੋਜਨਾ ਬੋਰਡ ਚੇਅਰਪਰਸਨ ਲਲਿਤ ਸਕਲਾਨੀ ਅਤੇ ਉੱਘੇ ਵਿਗਿਆਨ ਲੇਖਕ ਸੰਜੀਵਨ ਡਡਵਾਲ ਵਲੋਂ ਖ਼ੂਨਦਾਨੀਆਂ ਨੂੰ ਪਰਮ ਪਿਤਾ ਪਰਮਾਤਮਾ ਦੇ ਵਿਸ਼ੇਸ਼ ਦੂਤ ਰੂਪੀ ਫਰਿਸ਼ਤਿਆਂ ਦਾ ਦਰਜ਼ਾ ਦਿੱਤਾ। ਜ਼ਿਲ੍ਹਾ ਯੋਜਨਾ ਬੋਰਡ ਚੇਅਰਪਰਸਨ ਲਲਿਤ ਸਕਲਾਨੀ, ਇੰਪਰੂਵਮੈਂਟ ਟ੍ਰਸਟ ਚੇਅਰਮੈਨ ਐਡਵੋਕੇਟ ਕਸ਼ਮੀਰ ਸਿੰਘ ਮੱਲੀ ਅਤੇ ਸਾਇੰਸ ਟੀਚਰ ਐਸੋਸੀਏਸ਼ਨ ਪ੍ਰਧਾਨ ਹਰਿੰਦਰ ਸੇਠੀ ਵਲੋਂ ਖ਼ੂਨਦਾਨੀਆਂ ਦੇ ਸਨਮਾਨ ਵਿੱਚ ਆਯੋਜਿਤ ਸਮਾਰੋਹ ਨੂੰ ਖ਼ੂਨਦਾਨੀਆਂ ਦੇ ਮਾਣ ਨਾਲ ਜੋੜਦਿਆਂ ਸੰਸਥਾ ਦੀ ਤਾਰੀਫ ਕੀਤੀ ।ਕੈਂਪ ਦੌਰਾਨ ਸਾਰੇ ਖ਼ੂਨਦਾਨੀਆਂ ਅਤੇ ਖ਼ੂਨਦਾਨ ਨਾਲ ਜੁੜੀਆਂ ਪੰਜਾਬ ਦੀਆਂ 32 ਸੰਸਥਾਵਾਂ ਦਾ ਸਨਮਾਨ ਕੀਤਾ ਗਿਆ। ਪ੍ਰਧਾਨ ਵਿਕਰਮ ਗੁਪਤਾ ਅਤੇ ਵਿਤਿਨ ਪੁਰੀ ਦੀ ਅਗਵਾਈ ਵਿੱਚ ਆਯੋਜਿਤ ਇਸ ਸਮਾਗਮ ਵਿੱਚ ਜਿੱਥੇ ਸੈਕੜੈ ਖ਼ੂਨਦਾਨੀਆਂ ਦੇ ਖ਼ੂਨਦਾਨ ਕੀਤਾ






ਉੱਥੇ ਨੱਚ ਬੱਲੀਏ ਡਾਂਸ ਅਕੈਡਮੀ ਦੇ ਛੋਟੇ ਬੱਚਿਆਂ ਨੇ ਆਪਣੀ ਵਿਲੱਖਣ ਨਾਚ ਪ੍ਰਤਿਭਾ ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ । ਮੰਚ ਸੰਚਾਲਨ ਹਰਜਿੰਦਰ ਗੋਗਨਾ ਅਤੇ ਰਣਵੀਰ ਪਰਮਾਰ ਵਲੋਂ ਬਖ਼ੂਬੀ ਨਿਭਾਇਆ ਗਿਆ। ਇਸ ਮੌਕੇ ਜੀ.ਟੀ. ਹਾਰਲੇ ਡੈਵਿਡਸਨ ਗਰੁੱਪ, ਸਾਂਈ ਪੱਪਲ ਸ਼ਾਹ, ਆਮ ਆਦਮੀ ਪਾਰਟੀ ਨੇਤਾ ਸੰਤੋਸ਼ ਗੋਗੀ, ਮੈੜ ਰਾਜਪੂਤ ਸਭਾ ਸਰਪ੍ਰਸਤ ਅਸ਼ੋਕ ਡੀਲਕਸ ਵਲੋਂ ਖ਼ੂਨ ਦਾਨੀਆਂ ਦੀ ਹੌਂਸਲਾ ਅਫਜ਼ਾਈ ਕੀਤੀ ਗਈ। ਇਸ ਮੌਕੇ ਜਰਨੈਲ ਸਿੰਘ ਬਸਰਾ, ਦੀਪਕ ਗੁਪਤਾ, ਨੀਰਜ ਬਖਸ਼ੀ, ਗੋਪਾਲ ਲੂੰਬਾ, ਹਰਬੰਸ ਲਾਲ, ਅਵਿਨਾਸ਼ ਗੁਪਤਾ, ਲੱਕੀ ਭਾਖੜੀ, ਰਾਕੇਸ਼ ਵਢੇਰਾ, ਇੰਜ. ਪ੍ਰਦੀਪ ਚੁਟਾਨੀ, ਜਸਵਿੰਦਰ ਕੌਰ, ਵਰਿੰਦਰ ਸਿੰਘ ਕੰਬੋਜ, ਦਲਜੀਤ ਸ਼ਰਮਾ, ਵਿੱਪਨ ਮਾਨ , ਕੁਸ਼ ਵਢੇਰਾ, ਪ੍ਰਭਜੋਤ ਸਿੰਘ, ਅਜੇ ਅਗਰਵਾਲ, ਜਤਿਨ ਕੁਮਾਰ, ਸਤਿੰਦਰ ਸਿੰਘ. ਨਰੇਸ਼ ਕੋਹਲੀ, ਐਨ.ਕੇ. ਸ਼ਰਮਾ, ਪ੍ਰੇਮ ਗੁਪਤਾ , ਨੀਤੂ ਹਾਜ਼ਰ ਸਨ

ਰੋਜ਼ਾਨਾ ਲੋਕ ਬਾਣੀ
www.lokbani

# ਕੈਬਨਿਟ ਮੰਤਰੀ ਮਹਿੰਦਰ ਭਗਤ ਵਲੋਂ 100 ਤੋਂ ਵੱਧ ਲਾਭਪਾਤਰੀਆਂ ਨੂੰ ਪੈਨਸ਼ਨ ਮਨਜ਼ੂਰੀ ਪੱਤਰ ਤਕਸੀਮ




ਜਲੰਧਰ, (ਲੋਕ ਬਾਣੀ) ਪੰਜਾਬ ਦੇ ਰੱਖਿਆ ਭਲਾਈ, ਸੁਤੰਤਰਤਾ ਸੈਨਾਨੀ ਅਤੇ ਬਾਗਬਾਨੀ ਮੰਤਰੀ ਮਹਿੰਦਰ ਭਗਤ ਵਲੋਂ ਅੱਜ ਪੰਜਾਬ ਸਰਕਾਰ ਦੀ ਸਮਾਜਿਕ ਸੁਰੱਖਿਆ ਸਕੀਮ ਅਧੀਨ 100 ਤੋਂ ਲਾਭਪਾਤਰੀਆਂ ਨੂੰ ਪੈਨਸ਼ਨ ਮਨਜ਼ੂਰੀ ਦੇ ਪੱਤਰ ਵੰਡੇ ਗਏ। ਇਹ ਲਾਭਪਾਤਰੀ ਇਸ ਪਹਿਲਕਦਮੀ ਸਦਕਾ ਜਲਦ ਹੀ ਮਹੀਨਾਵਾਰ ਵਿੱਤੀ ਸਹਾਇਤਾ ਪ੍ਰਾਪਤ ਕਰ ਸਕਣਗੇ।

ਇਸ ਮੌਕੇ ਲੋਕਾਂ ਨਾਲ ਰੂਬਰੂ ਹੁੰਦਿਆਂ ਕੈਬਨਿਟ ਮੰਤਰੀ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਸਮਾਜ ਦੇ ਹਰ ਵਰਗ ਨੂੰ ਉੱਚਾ ਚੁੱਕਣ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਭਰੋਸਾ ਦੁਆਇਆ ਕਿ ਸਾਰੇ ਵਰਗਾਂ ਦੇ 100 ਤੋਂ ਵੱਧ ਲਾਭਪਾਤਰੀਆਂ ਦੀਆਂ ਪੈਨਸ਼ਨ ਅਰਜ਼ੀਆਂ ਮਨਜ਼ੂਰ ਕੀਤੀਆਂ ਗਈਆਂ ਹਨ ਅਤੇ ਜਲਦ ਹੀ ਹੋਰ ਬਕਾਇਆ ਪਏ ਪੈਨਸ਼ਨ ਬਿਨੈਪੱਤਰਾਂ ਨੂੰ ਮਨਜ਼ੂਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿੱਚ ਹੋਰ ਪੈਨਸ਼ਨ ਮਨਜ਼ੂਰੀ ਪੱਤਰ ਵੰਡੇ ਜਾਣਗੇ ਤੇ ਸਾਰੇ ਲਾਭਪਾਤਰੀ ਬੁਢਾਪਾ, ਵਿਧਵਾ, ਦਿਵਿਆਂਗ ਅਤੇ ਹੋਰ ਸ਼੍ਰੇਣੀਆਂ ਤਹਿਤ ਮਹੀਨਾਵਾਰ ਪੈਨਸ਼ਨ ਮੁਹੱਈਆ ਕਰਵਾਈ ਜਾਵੇਗੀ।

ਕੈਬਨਿਟ ਮੰਤਰੀ ਨੇ 'ਸਰਕਾਰ ਆਪ ਦੇ ਦੁਆਰ' ਦੀ ਸਫ਼ਲਤਾ ਬਾਰੇ ਦੱਸਦਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਇਸ ਪਹਿਲਕਦਮੀ ਦਾ ਉਦੇਸ਼ ਸਰਕਾਰੀ ਸੇਵਾਵਾਂ ਨੂੰ ਸਿੱਧੇ ਤੌਰ 'ਤੇ ਲੋਕਾਂ ਦੇ ਵਿੱਚ ਜਾ ਕੇ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਭਰ ਵਿੱਚ ਵੱਡੇ ਪੱਧਰ 'ਤੇ ਇਹ ਕੈਂਪ ਲਗਾਏ ਜਾ ਰਹੇ ਹਨ, ਤਾਂ ਕਿ ਜ਼ਿਲ੍ਹਾ ਵਾਸੀ ਵੱਧ ਤੋਂ ਵੱਧ ਭਲਾਈ ਸਕੀਮਾਂ ਦਾ ਲਾਭ ਲੈ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਲੋਕ ਭਲਾਈ ਸਕੀਮਾਂ ਨੂੰ ਹੇਠਲੇ ਪੱਧਰ ਤੱਕ ਪਹੁੰਚਾਉਣ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਤਵੱਜੋਂ ਦਿੱਤੀ ਜਾ ਰਹੀ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਮਾਜਿਕ ਸੁਰੱਖਿਆ ਪ੍ਰੋਗਰਾਮਾਂ ਤਹਿਤ ਲੋੜਵੰਦਾਂ ਨੂੰ ਵਿੱਤੀ ਸਹਾਇਤਾ ਮੁਹੱਈਆ ਕਰਵਾਉਣ ਨੂੰ ਹਮੇਸ਼ਾਂ ਪਹਿਲ ਦਿੱਤੀ ਜਾਂਦੀ ਰਹੇਗੀ। ਉਨ੍ਹਾਂ ਕਿਹਾ ਕਿ ਸਾਰੇ ਵਰਗਾਂ ਦੀ ਭਲਾਈ ਲਈ ਕੀਤੇ ਜਾ ਰਹੇ ਸੰਜੀਦਾ ਯਤਨ ਸੂਬਾ ਸਰਕਾਰ ਦੀ ਦ੍ਰਿੜਤਾ ਨੂੰ ਦਰਸਾਉਂਦੇ ਹਨ।

ਰੋਜ਼ਾਨਾ ਲੋਕ ਬਾਣੀ www.lokbani

# ਸਤਕਰਮੀ ਮਿਸ਼ਨ ਨੇ ਮਹਿਲਾ ਸਸ਼ਕਤੀਕਰਨ ਅਤੇ ਪੰਜਾਬ ਤੇ ਜੀਵਨ ਬਦਲਣ ਵਾਲੇ ਸੈਮੀਨਾਰ ਦਾ ਕੀਤਾ ਆਯੋਜਨ

ਚੰਡੀਗੜ੍ਹ। (ਲੋਕ ਬਾਣੀ) ਸਤਕਰਮਿਕ ਮਿਸ਼ਨ, ਇੱਕ ਪ੍ਰਸਿੱਧ ਅਧਿਆਤਮਿਕ ਸੰਸਥਾ, ਨੇ ਮਹਾਰਿਸ਼ੀ ਦਯਾਨੰਦ ਪਬਲਿਕ ਸਕੂਲ, ਦਰਿਆ, ਚੰਡੀਗੜ੍ਹ ਦੇ ਸ਼੍ਰੀਮਤੀ ਸਕੇਂਦਰਾ ਦੇਵੀ ਮਲਟੀਮੀਡੀਆ ਹਾਲ ਵਿੱਚ ਔਰਤ ਸਸ਼ਕਤੀਕਰਨ ਅਤੇ ਪੰਜਾਬ: ਸਮਾਜ ਦਾ ਪਾਲਣ ਪੋਸ਼ਣ ਵਿਸ਼ੇ ਤੇ ਇੱਕ ਬਹੁਤ ਪ੍ਰਭਾਵਸ਼ਾਲੀ ਅਤੇ ਜੀਵਨ ਬਦਲਣ ਵਾਲਾ ਸੈਮੀਨਾਰ ਆਯੋਜਿਤ ਕੀਤਾ। ਸੈਮੀਨਾਰ ਦੀ ਅਗਵਾਈ ਮਿਸ਼ਨ ਦੀ ਸਤਿਕਾਰਯੋਗ ਅਧਿਆਤਮਿਕ ਮੁਖੀ ਬੀਬੀ ਹਰਲੀਨ ਕੌਰ ਨੇ ਕੀਤੀ। ਉਹ ਪੰਜਾਬ ਨੂੰ ਧਰਮ ਪਰਿਵਰਤਨ, ਨਸ਼ੇ ਵਰਗੀਆਂ ਬੁਰਾਈਆਂ ਤੋਂ ਬਚਾਉਣ ਅਤੇ ਸਮਾਜਿਕ ਤਰੱਕੀ ਲਈ ਅਧਿਆਤਮਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਅਣਥੱਕ ਮਿਹਨਤ ਕਰ ਰਹੀ ਹੈ। ਸੈਮੀਨਾਰ ਵਿੱਚ ਅਧਿਆਪਕਾਂ, ਗ੍ਰਹਿਣੀਆਂ, ਪੇਸ਼ੇਵਰਾਂ, ਵਿਦਿਆਰਥੀਆਂ ਅਤੇ ਸਮਾਜ ਸੇਵੀਆਂ ਸਮੇਤ ਹਰ ਖੇਤਰ ਦੀਆਂ 100 ਤੋਂ ਵੱਧ ਔਰਤਾਂ ਨੇ ਵੱਡੀ ਸ਼ਮੂਲੀਅਤ ਕੀਤੀ। ਸਮਾਜ ਦੇ ਵੱਖ-ਵੱਖ ਵਰਗਾਂ ਦੀਆਂ ਔਰਤਾਂ ਦੇ ਸਸ਼ਕਤੀਕਰਨ ਲਈ ਮਿਸ਼ਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਬੀਬੀ ਹਰਲੀਨ ਕੌਰ ਨੇ ਪ੍ਰੇਰਣਾਦਾਇਕ ਲੈਕਚਰ ਦਿੱਤਾ। ਇਸਨੇ ਪਰਿਵਾਰ, ਸਮਾਜ ਅਤੇ ਸਮਾਜਿਕ ਤਰੱਕੀ ਨੂੰ ਉਤਸ਼ਾਹਿਤ ਕਰਨ ਵਿੱਚ ਔਰਤਾਂ ਦੀ ਮਹੱਤਵਪੂਰਨ ਭੂਮਿਕਾ ਤੇ ਜ਼ੋਰ ਦਿੱਤਾ। ਬੀਬੀ ਹਰਲੀਨ ਕੌਰ ਨੇ ਪੰਜਾਬ ਦੀਆਂ ਗੰਭੀਰ ਚੁਣੌਤੀਆਂ - ਧਰਮ ਪਰਿਵਰਤਨ ਅਤੇ ਨਸ਼ਾਖੋਰੀ ਨਾਲ ਨਜਿੱਠਣ ਲਈ ਔਰਤਾਂ ਦੀ ਅਹਿਮ ਭੂਮਿਕਾ ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਅਧਿਆਤਮਿਕ ਜਾਗਰੂਕਤਾ ਪੈਦਾ ਕਰਕੇ, ਭਾਵਨਾਤਮਕ ਬੁੱਧੀ ਨੂੰ ਵਧਾ ਕੇ ਅਤੇ ਮਜ਼ਬੂਤ ਪਰਿਵਾਰਕ ਬੰਧਨ ਬਣਾ ਕੇ ਔਰਤਾਂ ਆਪਣੇ ਪਿਆਰਿਆਂ ਨੂੰ ਧਰਮ ਪਰਿਵਰਤਨ ਅਤੇ ਨਸ਼ਿਆਂ ਦੇ ਝੂਠੇ ਵਾਅਦਿਆਂ ਦਾ ਸ਼ਿਕਾਰ ਹੋਣ ਤੋਂ ਬਚਾ ਸਕਦੀਆਂ ਹਨ। ਬੀਬੀ ਹਰਲੀਨ ਕੌਰ ਨੇ ਗੁਰਮਤਿ ਸਿਧਾਂਤਾਂ ਦੀ ਮਿਸਾਲ ਦਿੰਦਿਆਂ ਔਰਤਾਂ ਦੀ ਮਹੱਤਤਾ ਤੇ ਜ਼ੋਰ ਦਿੱਤਾ। ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਉਤਸ਼ਾਹਿਤ ਕਰਨ, ਮੁੜ ਸੁਰਜੀਤ ਕਰਨ ਅਤੇ ਸਮਾਜਕ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ ਪਹਿਲਕਦਮੀਆਂ ਦੀ ਅਗਵਾਈ ਕਰਦੇ ਹੋਏ, ਮਾਈ ਭਾਗੋ ਦੀ ਬਹਾਦਰੀ ਅਤੇ ਸ਼ਰਧਾ ਨੂੰ ਔਰਤਾਂ ਦੇ ਅਧਿਆਤਮਿਕ ਵਿਕਾਸ ਵਿੱਚ ਪ੍ਰੇਰਨਾ ਦੇਣ ਲਈ ਉਹਨਾਂ ਨੇ ਬੀਬੀ ਹਰਲੀਨ ਕੌਰ ਦੇ ਜੀਵਨ ਦੀ ਮਾਲਕੀ ਲੈਣ ਦੀ ਲੋੜ ਨੂੰ ਵੀ ਉਜਾਗਰ ਕੀਤਾ ਉਹ ਅਧਿਆਤਮਿਕ ਤਾਕਤ, ਲਚਕੀਲੇਪਨ ਅਤੇ ਹਮਦਰਦੀ ਦਾ ਪ੍ਰਤੀਕ ਹੈ ਅਤੇ ਸਵੈ-ਖੋਜ ਅਤੇ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਨ ਲਈ ਇੰਟਰਐਕਟਿਵ ਪਹੁੰਚ ਦੀ ਮਹੱਤਤਾ ਤੇ ਜ਼ੋਰ ਦਿੱਤਾ ਗਿਆ ਮੁਸਕਰਾਉਂਦੇ ਅਤੇ ਸ਼ਾਂਤ ਚਿਹਰੇ ਨਾਲ ਮੁਸੀਬਤਾਂ ਦਾ ਸਾਹਮਣਾ ਕਰਨਾ। ਉਸਨੇ ਭਾਗੀਦਾਰਾਂ ਨੂੰ ਮਾਨਸਿਕ ਸ਼ਾਂਤੀ ਨੂੰ ਤਰਜੀਹ ਦੇਣ ਅਤੇ ਨਿਰਾਸ਼ਾਜਨਕ ਭਾਵਨਾਵਾਂ ਤੋਂ ਬਚਣ ਲਈ ਉਸਾਰੂ ਵਿਚਾਰ ਵਟਾਂਦਰੇ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ। ਮੀਤ ਪ੍ਰਧਾਨ ਸਰਦਾਰ ਹਰਮੀਤ ਸਿੰਘ ਨੇ ਘਰ ਵਿੱਚ ਸਦਭਾਵਨਾ, ਸਿਮਰਨ ਅਤੇ ਚਰਿੱਤਰ ਨਿਰਮਾਣ ਵਿੱਚ ਔਰਤਾਂ ਦੀ ਭੂਮਿਕਾ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਜਨਰਲ ਸਕੱਤਰ ਸਰਦਾਰ ਅਮਨ ਬੰਦਵੀ ਨੇ ਭਾਰਤੀ ਲੋਕਾਚਾਰ ਅਤੇ ਅਧਿਆਤਮਿਕ ਤਾਕਤ ਦੀ ਮਹੱਤਤਾ ਤੇ ਜ਼ੋਰ ਦਿੱਤਾ। ਉਸਨੇ ਕਿਹਾ, ਪੱਛਮੀ ਪਰੰਪਰਾਵਾਂ ਹਰ ਸਾਲ ਇਸ ਦਿਨ ਨੂੰ ਮਨਾਉਂਦੀਆਂ ਹਨ, ਪਰ ਸਾਡੇ ਭਾਰਤੀ ਅਭਿਆਸਾਂ ਨੇ ਹਮੇਸ਼ਾ ਔਰਤਾਂ ਨੂੰ ਮਾਰਗਦਰਸ਼ਕ ਅਤੇ ਅਧਿਆਤਮਿਕ ਨੇਤਾ ਮੰਨਿਆ ਹੈ, ਪੁਰਾਣੇ ਸਮੇਂ ਤੋਂ ਨਵਰਾਤਰੀ, ਦੇਵੀ-ਦੇਵਤਿਆਂ ਅਤੇ ਇਸਤਰੀ ਦੇਵੀ-ਦੇਵਤਿਆਂ ਦਾ ਜਸ਼ਨ ਮਨਾਉਂਦੇ ਹਨ। ਇੱਕ ਦਿਨ ਅਲਾਟ ਕਰਨ ਵਿੱਚ ਭਾਰਤੀ ਲੋਕਾਚਾਰ ਮੰਨਦੇ ਹਨ ਕਿ ਹਰ ਦਿਨ ਮਾਂ ਦਿਵਸ ਹੈ। ਅਤੇ ਧੀਆਂ ਦਿਵਸ, ਸਤਿਕਰਮੀ ਮਿਸ਼ਨ ਸਸ਼ਕਤੀਕਰਨ, ਅਧਿਆਤਮਿਕ ਵਿਕਾਸ ਅਤੇ ਸਦਭਾਵਨਾ ਭਰੇ ਜੀਵਨ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਆਪਣੇ ਭਾਸ਼ਣਾਂ ਦੀ ਲੜੀ ਨੂੰ ਜਾਰੀ ਰੱਖੇਗਾ, ਸਕੂਲ ਦੀ ਵਾਈਸ ਪ੍ਰਿੰਸੀਪਲ, ਅੰਜੂ ਨੇ ਕਿਹਾ ਕਿ ਇਹ ਖ਼ੁਸ਼ੀ ਦੀ ਗੱਲ ਹੈ ਕਿ ਇਹ ਪ੍ਰੋਗਰਾਮ ਸਾਡੇ ਸਕੂਲ ਵਿੱਚ ਆਯੋਜਿਤ ਕੀਤਾ ਗਿਆ ਸੀ। ਸਾਡੇ ਸਕੂਲ ਦੇ ਬੱਚਿਆਂ ਅਤੇ ਮਾਪਿਆਂ ਨੂੰ ਗਿਆਨ ਦਿੱਤਾ ਗਿਆ ਸੀ।





ਰੋਜ਼ਾਨਾ ਲੋਕ ਬਾਣੀ www.lokbani

# ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਨ ਮੌਕੇ ਖੂਨਦਾਨ ਕੈਂਪ = ਅਜ

ਧੂਰੀ (ਲੋਕ ਬਾਣੀ) ਸਿਵਲ ਸਰਜਨ ਸੰਗਰੂਰ ਡਾ ਕਿਰਪਾਲ ਸਿੰਘ ਵੱਲੋਂ ਸ਼ਹੀਦ -ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਨ ਤੇ ਮਿਤੀ 29 ਸਤੰਬਰ 2024 ਨੂੰ ਸੰਸਥਾ ਪਰਿਵਰਤਨ ਵੱਲੋਂ ਸਨਾਤਨ ਧਰਮ ਸਭਾ ਧੂਰੀ ਵਿੱਚ ਲਗਾਏ ਜਾ ਰਹੇ ਖੂਨ ਦਾਨ ਕੈਂਪ ਵਿੱਚ ਖੂਨਦਾਨੀਆਂ ਨੂੰ ਵੱਧ ਤੋਂ ਵੱਧ ਖੂਨਦਾਨ ਕਰਨ ਦੀ ਅਪੀਲ ਕੀਤੀ। ਓਹਨਾ ਦੱਸਿਆ ਕਿ ਖ਼ੂਨਦਾਨ ਕਰਨਾ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ, ਕਿਉਂਕਿ ਖ਼ੂਨਦਾਨ ਮਹਾਂਦਾਨ ਹੈ ਅਤੇ ਖ਼ੂਨਦਾਨ ਕਰਨ ਨਾਲ ਕਈ ਕੀਮਤੀ ਜ਼ਿੰਦਗੀਆਂ ਨੂੰ ਬਚਾਇਆ ਜਾਂ ਸਕਦਾ ਹੈ। ਖ਼ੂਨ ਦੀ ਇੱਕ ਇੱਕ ਬੂੰਦ ਕੀਮਤੀ ਹੈ ਜੋ ਕਿਸੇ ਵੀ ਮਰਦੇ ਹੋਏ ਵਿਆਕਤੀ ਨੂੰ ਜੀਵਨਦਾਨ ਦੇ ਸਕਦਾ ਹੈ। ਇਸ ਮੌਕੇ ਗੁਰਦਰਸ਼ਨ ਸਿੰਘ, ਕਮਲਦੀਪ ਸ਼ਰਮਾ, ਜਗਰੂਪ ਸਿੰਘ ਬੱਬੂ, ਕਮਲ ਸ਼ਰਮਾ ਆਦਿ ਹਾਜਰ ਸਨ।

# ਭਾਈ ਅੰਮ੍ਰਿਤਪਾਲ ਸਿੰਘ ਦੀ ਟੀਮ ਨੇ ਨਵੀਂ ਪਾਰਟੀ ਖੜੀ ਕਰਨ ਲਈ ਸਤਿਗੁਰੂ ਹਰਗੋਬਿੰਦ ਪਾਤਸ਼ਾਹ ਜੀ ਦਾ ਲਿਆ ਓਟ ਆਸਰਾ।

ਅੰਮ੍ਰਿਤਸਰ (ਸ਼੍ਰੀ ਅਕਾਲ ਤਖ਼ਤ ਸਾਹਿਬ )(ਲੋਕ ਬਾਣੀ) — ਅਸਾਮ ਦੀ ਡਿਬਰੂਗੜ ਜੇਲ੍ਹ 'ਚ ਐਨਐਸਏ ਤਹਿਤ ਨਜ਼ਰਬੰਦ ਤੇ ਵਾਰਸ ਪੰਜਾਬ ਦੇ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਟੀਮ ਨੇ ਪੰਥ ਅਤੇ ਪੰਜਾਬ ਦੇ ਸਰੋਕਾਰਾਂ ਦੀ ਪੂਰਤੀ ਅਤੇ ਦਰਪੇਸ਼ ਚੁਨੌਤੀਆਂ ਨਾਲ ਨਜਿੱਠਣ ਲਈ ਪੰਥਕ ਰਾਜਸੀ ਪਾਰਟੀ ਖੜੀ ਕਰਨ ਦੀ ਕਵਾਇਦ ਸ਼ੁਰੂ ਕਰ ਦਿੱਤੀ ਹੈ। ਸਮੁੱਚੀ ਟੀਮ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਤਿਗੁਰੂ ਹਰਗੋਬਿੰਦ ਪਾਤਸ਼ਾਹ ਦੇ ਚਰਨਾਂ ਵਿੱਚ ਰਾਜ ਕਰੇਗਾ ਖ਼ਾਲਸਾ ਦੇ ਸੰਕਲਪ ਤਹਿਤ ਪੰਜਾਬ ਦੀ ਪਵਿੱਤਰ ਧਰਤੀ ਦੇ ਲੋਕਾਂ ਲਈ ਸਰਬੱਤ ਦੇ ਭਲੇ ਵਾਲਾ ਸਦੀਵੀ ਰਾਜ ਭਾਗ ਸਥਾਪਿਤ ਕਰਨ ਲਈ ਪੰਥਕ ਪਾਰਟੀ ਖੜੀ ਕਰਨ ਤੋਂ ਇਲਾਵਾ ਸੰਗਤਾਂ ਦੀ ਹਿਮਾਇਤ ਬਖ਼ਸ਼ਿਸ਼ ਕਰਨ, ਪਾਰਟੀ ਦਾ ਨਾਮ, ਨਿਸ਼ਾਨਾਂ, ਵਿਧਾਨ ਤੇ ਜਥੇਬੰਦਕ ਢਾਂਚਾ ਸਿਰਜਣ 'ਚ ਅੰਗ ਸੰਗ ਸਹਾਈ ਹੋਣ ਦੀ ਅਰਦਾਸ ਬੇਨਤੀ ਕੀਤੀ ਹੈ। ਅੱਜ ਸਵੇਰੇ ਸਤਿਗੁਰੂ ਹਰਗੋਬਿੰਦ ਪਾਤਸ਼ਾਹ ਦੇ ਚਰਨਾਂ ਵਿੱਚ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਟੀਮ ਵੱਲੋਂ ਕੀਤੀ ਅਰਦਾਸ ਬੇਨਤੀ ਕਿ ਪੰਜਾਬ ਦੀ ਧਰਤੀ ਦੇ ਕਰਮਾਂ ਵਿੱਚ ਰਾਜ ਕਰੇਗਾ ਖ਼ਾਲਸਾ ਦੇ ਸੰਕਲਪ ਤਹਿਤ ਰਾਜਭਾਗ ਸਥਾਪਿਤ ਕਰਨ ਲਈ ਪੰਥਕ ਪਾਰਟੀ ਖੜੀ ਕਰਨ ਦੀ ਆਗਿਆ ਬਖ਼ਸ਼ੋ ਜੀ, ਸੰਗਤਾਂ ਦੀ ਹਿਮਾਇਤ ਬਖ਼ਸ਼ੋ ਜੀ ਤਾਂ ਕਿ ਪਾਰਟੀ ਦਾ ਨਾਮ , ਨਿਸ਼ਾਨਾਂ ,ਵਿਧਾਨ ਤੇ ਜਥੇਬੰਦਕ ਢਾਂਚਾ ਸਿਰਜ ਕਿ ਪੰਜਾਬ ਦੀ ਪਵਿੱਤਰ ਧਰਤੀ ਦੇ ਲੋਕਾਂ ਲਈ ਸਰਬੱਤ ਦੇ ਭਲੇ ਵਾਲਾ ਸਦੀਵੀ ਰਾਜ ਭਾਗ ਸਥਾਪਿਤ ਕਰ ਸਕੀਏ ਜੀ।

ਪੰਜਾਬ ਉਪਰ ਹੁਣ ਤੱਕ ਰਾਜ ਕਰ ਰਹੀਆਂ ਰਾਜਸੀ ਧਿਰਾਂ ਨੇ ਚਾਹੇ ਉਹ ਆਪਣੇ ਆਪ ਨੂੰ ਅਕਾਲੀ ਹੀ ਕਹਾਉਂਦੇ ਸਨ ਪਰ ਉਨ੍ਹਾਂ ਨੇ ਵੀ ਕਦੇ ਸਤਿਗੁਰੂ ਹਰਿਗੋਬਿੰਦ ਪਾਤਸ਼ਾਹ ਵੱਲੋਂ ਬਖ਼ਸ਼ੇ ਮੀਰੀ ਪੀਰੀ ਦੇ ਸਿਧਾਂਤ ਤਹਿਤ ਰਾਜ ਕਰਨ ਨੂੰ ਲਾਗੂ ਨਹੀਂ ਹੋਣ ਦਿੱਤਾ। ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਪਿਛਲੇ ਲੰਮੇ ਸਮੇਂ ਤੋਂ ਬਾਦਲ ਪਰਿਵਾਰ ਵੱਲੋਂ ਭੇਜੇ ਸੀਲਬੰਦ ਲਿਫ਼ਾਫ਼ੇ ਵਿੱਚੋਂ ਨਿਕਲਦਾ ਰਿਹਾ, ਜਿਸ ਕਾਰਨ ਸਿੱਖ ਫ਼ਲਸਫ਼ੇ ਨੂੰ ਸਿੱਖ ਰਾਜਨੀਤੀ ਵਿੱਚ ਲਾਗੂ ਹੋਣ ਦੇ ਚਾਹਵਾਨ ਹਰੇਕ ਸਿੱਖ ਦਾ ਹਿਰਦਾ ਦੁਖੀ ਹੁੰਦਾ ਸੀ।

ਇਹੀ ਨਹੀਂ ਪਿਛਲੇ ਸਮੇਂ ਦੌਰਾਨ ਪੰਜਾਬ ਤੇ ਰਾਜ ਕਰ ਚੁੱਕੀਆਂ ਧਿਰਾਂ ਨੇ ਉਲਟਾ ਧਰਮ ਦਾ ਕਾਰਜ ਕਰ ਰਹੀਆਂ ਧਿਰਾਂ ਨਾਲ ਟਕਰਾਅ ਹੀ ਰੱਖਿਆ ਤੇ ਧਰਮੀ ਧਿਰਾਂ ਉਪਰ ਜ਼ੁਲਮ ਹੀ ਢਾਹਿਆ ਚਾਹੇ ਉਹ ਕਾਂਗਰਸ ਚਾਹੇ ਭਾਜਪਾ ਚਾਹੇ ਅਖੌਤੀ ਅਕਾਲੀ ਤੇ ਹੁਣ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਹੋਵੇ। ਪਿਛਲੇ ਸਮੇਂ ਵਿੱਚ ਰਹੀਆਂ ਸਰਕਾਰਾਂ ਦੇ ਹਰੇਕ ਲੈਵਲ ਦੇ ਲੀਡਰ ਨੇ ਪੈਸੇ ਦੀ ਖ਼ਾਤਰ ਜਵਾਨੀ ਨੂੰ ਧਰਮ ਤੋਂ ਦੂਰ ਕਰਕੇ ਨਸ਼ੇ ਵਿੱਚ ਗ਼ਲਤਾਨ ਕੀਤਾ ਤੇ ਜਦੋਂ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੇ ਖ਼ਾਲਸਾ ਵਹੀਰ ਰਾਹੀਂ ਨਸ਼ੇ ਛੁਡਾ ਕੇ ਅੰਮ੍ਰਿਤ ਛਕਾਉਣ ਦੀ ਲਹਿਰ ਚਲਾ ਕੇ ਆਪਣੇ ਕੌਮੀ ਨਿਸ਼ਾਨੇ ਪ੍ਰਤੀ ਜਾਗਰੂਕ ਕਰਨ ਦਾ ਕਾਰਜ ਸ਼ੁਰੂ ਕੀਤਾ ਤਾਂ ਐਨ ਐਸ ਏ ਲਗਾ ਕੇ ਹਜ਼ਾਰਾਂ ਮੀਲ ਦੂਰ ਡਿਬਰੂਗੜ ਜੇਲ੍ਹ ਭੇਜ ਦਿੱਤਾ।ਆਮ ਆਦਮੀ ਦੀ ਸਰਕਾਰ ਦੇ ਇਸ ਜ਼ੁਲਮ ਨੂੰ ਕੀ ਕਾਂਗਰਸੀ ਕੀ ਭਾਜਪਾਈ ਕੀ ਰਵਾਇਤੀ ਅਕਾਲੀ ਸਭ ਨੇ ਪੂਰੀ ਹਿਮਾਇਤ ਦਿੱਤੀ।



ਸੋ ਸਿੱਖਾਂ ਕੋਲ ਸਭ ਤੋਂ ਸੁਪਰੀਮ ਅਕਾਲ ਤਖ਼ਤ ਸਾਹਿਬ ਸਾਡੀ ਸਰਵ ਉੱਚ ਅਦਾਲਤ ਏ। ਜੇ ਰੋਣਾ ਤਾਂ ਵੀ ਓਥੇ ਜੇ ਹੱਸਣਾ ਤਾਂ ਵੀ ਓਥੇ। ਇਹ ਸਾਡਾ ਇਤਿਹਾਸ ਵੀ ਰਿਹਾ ਏ ਕਿ ਜਿਹੜੇ ਪੰਥ ਨਾਲ ਟੱਕਰਾਂ ਮਾਰਦੇ ਆ ਉਹਨਾਂ ਦਾ ਰਿਹਾ ਕੱਖ ਨਹੀਂ। ਤਾਜ਼ੀਆਂ ਉਦਾਹਰਨਾਂ ਤੁਹਾਨੂੰ ਮਿਲ ਵੀ ਰਹੀਆਂ। ਜਦੋਂ ਜਦੋਂ ਵੀ ਸਿੱਖ ਜ਼ੁਲਮ ਦਾ ਸ਼ਿਕਾਰ ਹੋਏ ਆ ਤੇ ਬੇਵੱਸ ਹੁੰਦੇ ਆ ਓਦੋਂ ਸਿਰਫ਼ ਅਰਦਾਸ ਸਹਾਈ ਹੁੰਦੀ ਏ। ਸੋ ਅੱਜ ਅਕਾਲ ਸਾਹਿਬ ਤੇ ਪਹੁੰਚ ਕੇ ਅੰਮ੍ਰਿਤਪਾਲ ਸਿੰਘ ਖ਼ਾਲਸਾ ਵਹੀਰ ਦੀ ਟੀਮ ਵੱਲੋਂ ਬੇਨਤੀਆਂ ਕੀਤੀਆਂ ਗਈਆਂ ਕਿ ਮੀਰੀ ਪੀਰੀ ਦੇ ਮਾਲਕ ਸਤਿਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਆਪ ਜੀ ਵੱਲੋਂ ਸਿਰਜੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਹੇਠ ਖੜੇ ਹੋ ਕੇ ਸਤਿਗੁਰੂ ਹਰਗੋਬਿੰਦ ਪਾਤਸ਼ਾਹ ਜੀ ਆਪ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਦੇ ਹਾਂ ਕਿ ਅੰਮ੍ਰਿਤਪਾਲ ਸਿੰਘ ਖ਼ਾਲਸਾ ਖ਼ਾਲਸਾ ਵਹੀਰ ਵਾਲੇ ਦੀ ਟੀਮ ਆਪ ਦੇ ਚਰਨਾਂ ਵਿੱਚ ਬੇਨਤੀ ਕਰਦੀ ਹੈ ਕਿ ਪੰਜਾਬ ਦੀ ਧਰਤੀ ਦੇ ਕਰਮਾਂ ਵਿੱਚ ਰਾਜ ਕਰੇਗਾ ਖ਼ਾਲਸਾ ਦੇ ਸੰਕਲਪ ਤਹਿਤ ਰਾਜਭਾਗ ਸਥਾਪਿਤ ਕਰਨ ਲਈ ਪੰਥਕ ਪਾਰਟੀ ਖੜੀ ਕਰਨ ਦੀ ਆਗਿਆ ਬਖ਼ਸ਼ੋ ਜੀ , ਸੰਗਤਾਂ ਦੀ ਹਿਮਾਇਤ ਬਖ਼ਸ਼ੋ ਜੀ ਤਾਂ ਕਿ ਪਾਰਟੀ ਦਾ ਨਾਮ , ਨਿਸ਼ਾਨਾਂ ,ਵਿਧਾਨ ਤੇ ਜਥੇਬੰਦਕ ਢਾਂਚਾ ਸਿਰਜ ਕਿ ਪੰਜਾਬ ਦੀ ਪਵਿੱਤਰ ਧਰਤੀ ਦੇ ਲੋਕਾਂ ਲਈ ਸਰਬੱਤ ਦੇ ਭਲੇ ਵਾਲਾ ਸਦੀਵੀ ਰਾਜ ਭਾਗ ਸਥਾਪਿਤ ਕਰ ਸਕੀਏ ਜੀ"।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ ਨੇ ਕਿਹਾ ਕਿ ਪੰਜਾਬ ਨਾਲ ਆਰਥਿਕ, ਧਾਰਮਿਕ ਤੇ ਸਮਾਜਿਕ ਪੱਧਰ ਦੇ ਉੱਤੇ ਲਗਾਤਾਰ ਧੱਕਾ ਹੋ ਰਿਹਾ ਹੈ। ਇਨਸਾਫ਼ ਕਿਧਰੇ ਵੀ ਨਜ਼ਰ ਨਹੀਂ ਆ ਰਿਹਾ। ਪੰਜਾਬ ਦੇ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ, ਫਿਰੌਤੀਆਂ ਨੇ ਹਰੇਕ ਇਨਸਾਨ ਦਾ ਜੀਵਨ ਦੁੱਭਰ ਕੀਤਾ ਹੋਇਆ ਹੈ।ਇਸ ਵੇਲੇ ਪੰਜਾਬ ਦਾ ਹਰੇਕ ਫ਼ੈਸਲਾ ਦਿੱਲੀ ਤੋਂ ਹੋ ਰਿਹਾ ਹੈ। ਪੰਜਾਬ ਚ ਕੋਈ ਵੀ ਖੇਤਰੀ ਸਿਆਸੀ ਪਾਰਟੀ ਦੀ ਵਜੂਦ ਨਹੀਂ ਰਹੀ ਹੈ। ਇਸ ਮੌਕੇ ਸਿੱਖ ਹਿੱਤਾਂ ਦੀ ਰਾਖੀ ਲਈ ਲੋਕ ਨਵੀਂ ਧਿਰ ਦੀ ਜ਼ਰੂਰਤ ਨੂੰ ਸ਼ਿੱਦਤ ਨਾਲ ਮਹਿਸੂਸ ਕਰਦੇ ਹਨ। ਪੰਜਾਬ ਦੀ ਪਵਿੱਤਰ ਧਰਤੀ ਤੇ ਕਿਵੇਂ ਗੁਰੂ ਆਸ਼ੇ ਅਨੁਸਾਰ ਸਿਸਟਮ ਦੇਣਾ ਹੈ ਬਣਾਉਣਾ ਹੈ,ਇਹ ਫ਼ੈਸਲਾ ਸੰਗਤ ਹੀ ਕਰੇਗੀ ਬੰਦ ਲਿਫ਼ਾਫ਼ੇ ਵਾਲਾ ਕਲਚਰ ਖ਼ਤਮ ਕਰਨ ਦਾ ਸਮਾਂ ਆ ਗਿਆ ਹੈ ਅੱਜ ਇਸ ਧਰਤੀ ਤੇ ਦਰਪੇਸ਼ ਚੁਨੌਤੀਆਂ, ਸਰੋਕਾਰਾਂ ਅਤੇ ਮੁੱਦਿਆਂ ਨੂੰ ਹੱਲ ਕਰਨ ਲਈ ਜਾਤ ਪਾਤ ਤੋਂ ਉੱਪਰ ਉੱਠ ਕੇ ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ਦੇ ਸਿਧਾਂਤ ਨਾਲ ਕੰਮ ਕਰਨ ਦੀ ਲੋੜ ਹੈ। ਇਸ ਪਾਰਟੀ 'ਚ ਈਰਖਾ ਅਤੇ ਨਫ਼ਰਤ ਲਈ ਕੋਈ ਜਗ੍ਹਾ ਨਹੀਂ ਹੋਵੇਗੀ।ਇਸ ਲਈ ਸਤਿਗੁਰੂ ਹਰਿਗੋਬਿੰਦ ਸਾਹਿਬ ਮੀਰੀ ਪੀਰੀ ਦੇ ਮਾਲਕ ਦੇ ਦਰ ਤੇ ਰਾਜ ਕਰੇਗਾ ਖ਼ਾਲਸਾ ਦੇ ਸੰਕਲਪ ਤੇ ਸਰਬੱਤ ਦੇ ਭਲੇ ਵਾਲਾ ਰਾਜ ਸਥਾਪਿਤ ਕਰਨ ਲਈ ਪਾਰਟੀ ਦਾ ਨਾਮ ਨਿਸ਼ਾਨਾਂ ਢਾਂਚਾ ਖੜ੍ਹਾ ਕਰਨ ਤੋਂ ਪਹਿਲਾਂ ਅਰਦਾਸ ਕਰਕੇ ਆਗਿਆ ਲਈ ਹੈ ਸੋ ਜੋ ਵੀ ਇਸ ਕਾਰਜ ਵਿੱਚ ਜੁੜਨਾ ਚਾਹੁੰਦਾ ਇਸ ਲਿੰਕ ਤੇ ਸੰਪਰਕ ਕਰੇ Waheer.com/new ਵੱਲੋਂ ਅੰਮ੍ਰਿਤਪਾਲ ਸਿੰਘ ਦੇ ਪਿਤਾ ਜੀ ਬਾਪੂ ਤਰਸੇਮ ਸਿੰਘ ਚਾਚਾ ਸੁਖਚੈਨ ਸਿੰਘ, ਸੁਖਵਿੰਦਰ ਸਿੰਘ ਅਗਵਾਨ, ਗੁਰਸੇਵਕ ਸਿੰਘ ਜਵਾਹਰਕੇ ਭਾਈ ਚਮਕੌਰ ਸਿੰਘ ਤੇ ਸਮੂਹ ਟੀਮ ਅੰਮ੍ਰਿਤਪਾਲ ਸਿੰਘ ਖ਼ਾਲਸਾ ਵਹੀਰ ਵਾਲੇ।

ਰੋਜ਼ਾਨਾ ਲੋਕ ਬਾਣੀ www.lokbani

# ਅੰਤਰ-ਰਾਸਟਰੀ ਸੁਰੱਖਿਅਤ ਗਰਭ ਸਮਾਪਨ ਦਿਵਸ਼ ਤੇ ਅਰਪਣ ਸੰਸਥਾ ਵਲੋਂ ਔਰਤਾਂ ਦੀ ਮਾੜੀ ਸਿਹਤ ਤੇ ਕੀਤਾ ਗਹਿਰੀ ਚਿੰਤਾ ਦਾ ਇਜਹਾਰ



ਸ੍ਰੀ ਅਨੰਦਪੁਰ ਸਾਹਿਬ (ਦਵਿੰਦਰਪਾਲ ਸਿੰਘ): ਅੰਤਰ-ਰਾਸ਼ਟਰੀ ਸੁਰੱਖਿਅਤ ਗਰਭ ਸਮਾਪਨ ਦਿਵਸ ਤੇ ਨੰਗਲ ਦੀ ਅਰਪਣ ਸੰਸਥਾ ਵਲੋਂ ਕਾਮਨ ਹੈਲਥ ਦੇ ਸਹਿਯੋਗ ਨਾਲ ਸ੍ਰੀ ਅਨੰਦਪੁਰ ਸਾਹਿਬ ਪ੍ਰੈਸ ਕਲੱਬ ਵਿਖੇ ਪੱਤਰਕਾਰ ਮਿਲਣੀ ਦੌਰਾਨ ਔਰਤਾਂ ਦੀ ਮਾੜੀ ਸਿਹਤ ਤੇ ਗਹਿਰੀ ਚਿੰਤਾ ਦਾ ਇਜਹਾਰ ਕਰਦੇ ਹੋਏ ਸਰਕਾਰੀ ਸਿਹਤ ਢਾਂਚੇ ਨੂੰ ਮਜਬੂਤ ਕਰਨ ਦੇ ਮੰਗ ਕੀਤੀ ਹੈ। ਤਾਂ ਜ਼ੋ ਆਰਥਿਕ ਤੌਰ ਤੇ ਕਮਜੋਰ ਪਰਿਵਾਰਾਂ ਨਾਲ ਸਬੰਧਿਤ ਔਰਤਾਂ ਇਸ ਦਾ ਲਾਭ ਲੈ ਸਕਣ।ਸੰਸਥਾ ਦੇ ਡਾਇਰੈਕਟਰ ਕੁਲਦੀਪ ਚੰਦ ਅਤੇ ਔਰਤ ਮਾਮਲਿਆਂ ਦੀ ਮਾਹਿਰ ਮਧੂ ਬਾਲਾ ਨੇ ਕਿਹਾ ਕਿ ਦੇਸ਼ ਅੰਦਰ ਵੱਖ—ਵੱਖ ਕਾਰਨਾ ਕਰਕੇ ਵੱਡੀ ਗਿਣਤੀ ਵਿੱਚ ਗਰਭ ਸਮਾਪਨ ਹੋ ਰਹੇ ਹਨ। ਪਰੰਤੂ ਬਹੁਤ ਹੀ ਦੁੱਖ ਦੀ ਗੱਲ ਹੈ ਕਿ ਔਰਤਾਂ ਨੂੰ ਇਸ ਦੀ ਜਾਣਕਾਰੀ ਨਾ ਹੋਣ ਕਰਕੇ ਉਹ ਆਪਣੀ ਜਾਨ ਤੋਂ ਵੀ ਹੱਥ ਧੋ ਰਹੀਆਂ ਹਨ।ਅਤੇ ਸਰਕਾਰ ਪੂਰੀ ਤਰ੍ਹਾਂ ਫੇਲ ਜਾਪਦੀ ਹੈ।ਉਨ੍ਹਾਂ ਕਿਹਾ ਕਿ ਅਣਚਾਹੇ ਗਰਭ ਦੇ ਜਬਰ—ਜਿਨਾਹ ਸਮੇਤ ਹੋਰ ਬਹੁਤ ਸਾਰੇ ਕਾਰਨ ਹੋ ਸਕਦੇ ਹਨ। ਜਿਸਨੂੰ ਖਤਮ ਕਰਨ ਲਈ ਕੇਂਦਰ ਸਰਕਾਰ ਨੇ 1971 ਵਿੱਚ ਇੱਕ ਕਾਨੂੰਨ ਹੋਂਦ ਵਿੱਚ ਲਿਆਂਦਾ ਸੀ। ਪਰੰਤੂ 53 ਸਾਲ ਬੀਤ ਜਾਣ ਦੇ ਬਾਵਜੂਦ ਅਜੇ ਵੀ ਸਥਿਤੀ ਜਿਉਂ ਦੀ ਤਿਉਂ ਹੈ।

ਉਨ੍ਹਾ ਕਿਹਾ ਕਿ ਜਦੋਂ ਗਰੀਬ ਔਰਤਾਂ ਇਸਨੂੰ ਖਤਮ ਕਰਨ ਜਾਂਦੀਆਂ ਹਨ ਤਾਂ ਉਨ੍ਹਾਂ ਦਾ ਕੋਈ ਹੱਥ ਨਹੀਂ ਫੜਦਾ।ਤੇ ਇਸ ਮਸਲੇ ਨੂੰ ਗੁਪਤ ਵੀ ਨਹੀਂ ਰੱਖਿਆਂ ਜਾਂਦਾ।ਜੋ ਕਿ ਸਾਡਾ ਮੌਲਿਕ ਅਧਿਕਾਰ ਹੈ। ਇਸ ਸਥਿਤੀ ਦਾ ਭਾਰਤੀ ਔਰਤਾਂ ਨੂੰ ਕਰੋਨਾ ਵਾਇਰਸ ਦੌਰਾਨ ਹੋਈ ਤਾਲਾਬੰਦੀ ਮੌਕੇ ਵੱਡੇ ਪੱਧਰ ਤੇ ਸਾਹਮਣਾ ਕਰਨਾ ਪਿਆ ਹੈ।ਤੇ ਔਰਤਾਂ ਦੀ ਪ੍ਰਜਣਨ ਸਿਹਤ ਪੂਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਉਨ੍ਹਾਂ ਕਿਹਾ ਕਿ ਔਰਤਾਂ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਲੈ ਕੇ ਵੀ ਗਰਭ ਸਮਾਪਨ ਕਰਵਾ ਸਕਦੀਆਂ ਹਨ।ਜਦੋਂਕਿ ਇਸ ਸਥਿਤੀ ਦੀ ਦੁਰਵਰਤੋਂ ਵੀ ਨਹੀਂ ਕੀਤੀ ਜਾਣੀ ਚਾਹੀਦੀ ਹੈ।ਤੇ ਸਰਕਾਰੀ ਢਾਂਚੇ ਨੂੰ ਇਸ ਦੀ ਸਕਾਰਾਤਮਕ ਲਈ ਚੁਸਤ—ਦਰੁਸਤ ਹੋਣਾ ਚਾਹੀਦਾ ਹੈ। ਇਸ ਮੌਕੇ ਸੰਸਥਾ ਦੇ ਕਨਵੀਨਰ ਸਤੀਸ਼ ਕੁਮਾਰ ਵੀ ਹਾਜਰ ਸਨ।

# ਸੀ ਐਚ ਸੀ ਮਹਿਲਕਲਾਂ ਵਿਖੇ ਕੀਤਾ ਗਿਆ ਵਿਸ਼ਵ ਰੇਬੀਜ਼ ਦਿਵਸ ਜਾਗਰੂਕਤਾ ਗਤੀਵਿਧੀ ਦਾ ਆਯੋਜਨ



ਮਹਿਲ ਕਲਾਂ, (ਲੋਕ ਬਾਣੀ) ਕਾਰਜਕਾਰੀ ਸਿਵਲ ਸਰਜਨ ਬਰਨਾਲਾ ਡਾ. ਤਪਿੰਦਰਜੋਤ ਕੌਸ਼ਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਐਸ ਐਮ ਓ ਮਹਿਲ ਕਲਾਂ ਡਾ. ਗੁਰਤੇਜਿੰਦਰ ਕੌਰ ਦੀ ਅਗਵਾਈ ਹੇਠ ਅੱਜ ਸੀ ਐਚ ਸੀ ਮਹਿਲਕਲਾਂ ਵਿਖੇ ਵਿਸ਼ਵ ਰੇਬੀਜ਼ ਦਿਵਸ ਭਾਵ ਜਾਨਵਰ ਦੇ ਵੱਢੇ ਜਾਣ ਤੋਂ ਹੋਣ ਵਾਲੀ ਹਲਕਾਅ ਦੀ ਬੀਮਾਰੀ ਸੰਬੰਧੀ ਜਾਗਰੂਕਤਾ ਦਿਵਸ ਮਨਾਇਆ ਗਿਆ।

ਇਸ ਮੌਕੇ ਜਾਣਕਾਰੀ ਦਿੰਦਿਆਂ ਡਾ. ਗੁਰਤੇਜਿੰਦਰ ਕੌਰ ਨੇ ਦੱਸਿਆ ਕਿ ਰੇਬੀਜ਼ ਜਾਂ ਹਲਕਾਅ ਬੀਮਾਰੀ ਕੁੱਤੇ, ਬਿੱਲੀ, ਖਰਗੋਸ਼ ਆਦਿ ਜਾਨਵਰਾਂ ਦੇ ਵੱਢਣ ਨਾਲ ਫੈਲਦੀ ਹੈ ਅਤੇ ਇਹ ਜਾਨਲੇਵਾ ਵੀ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਜਾਨਵਰ ਦੁਆਰਾ ਵੱਢੇ ਜਾਣ ਤੇ ਜਖਮ ਨੂੰ ਸਾਬਣ ਅਤੇ ਵਗਦੇ ਪਾਣੀ ਹੇਠਾਂ ਧੋਵੋ ਅਤੇ ਤੁਰੰਤ ਡਾਕਟਰੀ ਸਹਾਇਤਾ ਲਓ।ਉਨ੍ਹਾਂ ਅੱਗੇ ਕਿਹਾ ਕਿ ਪਾਲਤੂ ਜਾਨਵਰਾਂ ਦਾ ਸਮੇਂ ਸਿਰ ਟੀਕਾਕਰਨ ਜ਼ਰੂਰ ਕਰਵਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਜਨਤਕ ਥਾਂਵਾਂ ਉੱਤੇ ਖੁੱਲਾ ਨਹੀਂ ਛੱਡਣਾ ਚਾਹੀਦਾ। ਉਨ੍ਹਾਂ ਕਿਹਾ ਕਿ ਜਾਨਵਰਾਂ ਦੇ ਵੱਢੇ ਜਾਣ ਦੇ ਇਲਾਜ ਲਈ ਟੀਕੇ ਸਰਕਾਰੀ ਹਸਪਤਾਲਾਂ ਵਿਖੇ ਮੁਫ਼ਤ ਲਗਾਏ ਜਾਂਦੇ ਹਨ।

ਇਸ ਮੌਕੇ ਡਾ.ਅੰਮ੍ਰਿਤਪਾਲ, ਬੀ ਆਈ ਸ਼ਿਵਾਨੀ, ਫਾਰਮੇਸੀ ਅਫ਼ਸਰ ਮਨਿੰਦਰਪਾਲ, ਐਸ ਆਈ ਜਸਵੀਰ ਸਿੰਘ, ਐਮ ਪੀ ਐਚ ਡਬਲਿਊ ਮੇਲ ਬੂਟਾ ਸਿੰਘ, ਰੇਡੀਓ ਗਰਾਫਰ ਸਿੰਪਲ ਅਤੇ ਹੋਰ ਸਟਾਫ ਮੈਂਬਰ ਹਾਜਰ ਸਨ।

# ਸਾਬਕਾ ਮੁੱਖ ਮੰਤਰੀ ਖੱਟਰ ਅਤੇ ਕੰਗਨਾ ਰਣੌਤ ਵੱਲੋਂ ਕਿਸਾਨਾਂ ਪ੍ਰਤੀ ਗਲਤ ਟਿੱਪਣੀਆਂ ਕਰਨਾ ਮੰਦਭਾਗਾ : ਗੁਰਬਖਸ਼ ਸਿੰਘ ਗੁੱਡੂ



ਧੂਰੀ 2(ਲੋਕ ਬਾਣੀ) ਹਲਕੇ ਦੇ ਟਕਸਾਲੀ ਕਾਂਗਰਸੀ ਆਗੂ ਗੁਰਬਖ਼ਸ਼ ਸਿੰਘ ਗੁੱਡੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਆਪਣੀਆਂ ਹੱਕੀ ਮੰਗਾਂ ਲਈ ਬਾਰਡਰਾਂ ਤੇ ਧਰਨਾ ਦੇ ਰਹੇ ਪੰਜਾਬ ਦੇ ਕਿਸਾਨਾਂ ਨੂੰ ਨਕਲੀ ਕਿਸਾਨ ਕਹਿਣਾ ਬਰਦਾਸ਼ਤ ਤੋਂ ਬਾਹਰ ਹੈ , ਉਨ੍ਹਾਂ ਕਿਹਾ ਕਿ ਜੋ ਵੀ ਕਿਸਾਨ ਖੇਤੀਬਾੜੀ ਕਰਦਾ ਹੈ ਉਹ ਕਿਸਾਨ ਹੈ ਪ੍ਰੰਤੂ ਮਨੋਹਰ ਲਾਲ ਖੱਟਰ ਖੇਤੀ ਕਰ ਰਹੇ ਕਿਸਾਨਾਂ ਨੂੰ ਕਿਸਾਨ ਮੰਨਣ ਲਈ ਤਿਆਰ ਨਹੀਂ ਹਨ , ਤਾਂ ਮਨੋਹਰ ਲਾਲ ਖੱਟਰ ਦੱਸਣ ਕੀ ਅਸਲੀ ਕਿਸਾਨ ਕਿਸਨੂੰ ਕਹਿੰਦੇ ਹਨ । ਕਾਂਗਰਸੀ ਆਗੂ ਗੁਰਬਖ਼ਸ਼ ਸਿੰਘ ਗੁੱਡੂ ਨੇ ਕਿਹਾ ਕਿ ਭਾਜਪਾ ਸੰਸਦ ਕੰਗਨਾ ਰਣੌਤ ਵੱਲੋਂ ਖੇਤੀ ਕਾਨੂੰਨਾਂ ਬਾਰੇ ਦਿੱਤੇ ਬਿਆਨ ਨੂੰ ਵਾਪਸ ਲੈਣ ਅਤੇ ਮੁਆਫ਼ੀ ਮੰਗਣ ਤੇ ਕਿਹਾ ਕਿ ਕੰਗਨਾ ਦੀ ਮਾਨਸਿਕ ਹਾਲਤ ਠੀਕ ਨਹੀਂ ਹੈ। ਭਾਜਪਾ ਲੀਡਰਸ਼ਿਪ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੰਗਨਾ ਨੂੰ ਇੰਨੇ ਦਿਨਾਂ ਬਾਅਦ ਪਤਾ ਲੱਗਾ ਕਿ ਉਹ ਭਾਜਪਾ ਦੀ ਮੈਂਬਰ ਵੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਭਾਜਪਾ ਦੇ ਆਗੂ ਵੀ ਇਹ ਕਹਿੰਦੇ ਰਹੇ ਹਨ ਕਿ ਕੰਗਨਾ ਦੀ ਮਾਨਸਿਕ ਹਾਲਤ ਠੀਕ ਨਹੀਂ ਹੈ । ਉਨ੍ਹਾਂ ਕਿਹਾ ਕਿ ਅਜਿਹਾ ਨਹੀਂ ਹੈ ਕਿ ਕੰਗਨਾ ਭਾਜਪਾ ਲੀਡਰਸ਼ਿਪ ਦੀ ਸਹਿਮਤੀ ਤੋਂ ਬਿਨਾਂ ਅਜਿਹੇ ਭੜਕਾਊ ਬਿਆਨ ਦਿੰਦੀ ਹੈ। ਦਰਅਸਲ, ਭਾਜਪਾ ਨੇ ਰਣਨੀਤੀ ਦੇ ਤਹਿਤ ਕੁਝ ਨੇਤਾ ਅਜਿਹੇ ਆਗੂ ਰਖੇ ਹੋਏ ਹਨ, ਜਿਨ੍ਹਾਂ ਦਾ ਕੰਮ ਸਿਰਫ ਨਫ਼ਰਤ ਭਰੇ ਬਿਆਨ ਦੇਣਾ ਹੈ। ਉਨ੍ਹਾਂ ਦੇ ਬਿਆਨ ਸਮਾਜ ਵਿੱਚ ਤਣਾਅ ਪੈਦਾ ਕਰਦੇ ਹਨ ਅਤੇ ਫਿਰ ਬਾਅਦ ਵਿੱਚ ਭਾਜਪਾ ਲੀਡਰਸ਼ਿਪ ਦਿਖਾਵੇ ਲਈ ਅਸਹਿਮਤੀ ਪ੍ਰਗਟ ਕਰਦੀ ਹੈ।

# ਭਗਤ ਸਿੰਘ ਦੇ ਆਦਰਸ਼ਾਂ ਨੂੰ ਅਪਣਾਉਣਾ ਹੀ ਮਹਾਨ ਕ੍ਰਾਂਤੀਕਾਰੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ: ਰੰਧਾਵਾ




ਡੇਰਾਬੱਸੀ, (ਲੋਕ ਬਾਣੀ) ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ 117ਵੇਂ ਜਨਮ ਦਿਨ ਮੌਕੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਆਪਣੀ ਟੀਮ ਸਮੇਤ ਮੁਬਾਰਕਪੁਰ ਦੇ ਇਤਿਹਾਸਕ ਕੋਠੜੀ ਵਿੱਚ ਸ਼ਰਧਾਂਜਲੀ ਭੇਟ ਕੀਤੀ, ਜਿੱਥੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਸਜ਼ਾ ਸੁਣਾਈ ਜਾਣ ਤੋਂ ਪਹਿਲਾਂ ਇੱਕ ਰਾਤ ਲਈ ਰੱਖਿਆ ਗਿਆ ਸੀ। ਇਨਕਲਾਬੀ ਸ਼ਹੀਦ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਵਿਧਾਇਕ ਰੰਧਾਵਾ ਨੇ ਕਿਹਾ ਕਿ ਜਿਸ ਆਜ਼ਾਦੀ ਨਾਲ ਅਸੀਂ ਅੱਜ ਸੁਖੀ ਤੇ ਸ਼ਾਂਤਮਈ ਜੀਵਨ ਬਤੀਤ ਕਰ ਰਹੇ ਹਾਂ, ਉਸ ਦੀ ਨੀਂਹ ਅਣਗਿਣਤ ਦੇਸ਼ ਭਗਤ ਬਹਾਦਰ ਇਨਕਲਾਬੀਆਂ ਦੇ ਅਣਗਿਣਤ ਜਾਂ ਅਣਜਾਣੇ ਦੇ ਬਲਿਦਾਨ, ਕੁਰਬਾਨੀ ਅਤੇ ਸ਼ਹਾਦਤ ਦੇ ਬਲਬੂਤੇ ਤੇ ਖੜੀ ਹੈ। ਸ਼ਹੀਦ ਭਗਤ ਸਿੰਘ ਅਜਿਹੇ ਅਮਰ ਕ੍ਰਾਂਤੀਕਾਰੀਆਂ ਵਿੱਚ ਸ਼ਾਮਲ ਸਨ, ਜਿਨ੍ਹਾਂ ਦਾ ਨਾਂ ਲੈਂਦਿਆਂ ਹੀ ਸੀਨਾ ਮਾਣ ਤੇ ਗੌਰਵ ਨਾਲ ਭਰ ਜਾਂਦਾ ਹੈ। ਰੰਧਾਵਾ ਨੇ ਕਿਹਾ ਕਿ ਉਨ੍ਹਾਂ ਨੂੰ ਸਿਰਫ਼ 23 ਸਾਲ ਦੀ ਉਮਰ ਵਿੱਚ ਦੇਸ਼ ਦੀ ਆਜ਼ਾਦੀ ਲਈ ਫਾਂਸੀ ਦਿੱਤੀ ਗਈ ਸੀ ਪਰ ਉਨ੍ਹਾਂ ਦੀ ਕ੍ਰਾਂਤੀਕਾਰੀ ਸੋਚ ਅਤੇ ਕੁਰਬਾਨੀ ਨੇ ਭਾਰਤੀ ਨੌਜਵਾਨਾਂ ਵਿੱਚ ਆਜ਼ਾਦੀ ਲਈ ਜੋਸ਼ ਭਰ ਦਿੱਤਾ ਸੀ, ਜਿਸ ਨੇ ਆਪਣੇ ਜੀਵਨ ਵਿੱਚ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਦੇ ਕੇ ਦੇਸ਼ ਵਾਸੀਆਂ ਨੂੰ ਪ੍ਰੇਰਿਤ ਕੀਤਾ। ਰੰਧਾਵਾ ਨੇ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਸ਼ਹੀਦ ਭਗਤ ਸਿੰਘ ਦੇ ਜੀਵਨ ਅਤੇ ਸਿੱਖਿਆਵਾਂ ਤੋਂ ਸਿੱਖ ਕੇ ਇੱਕ ਬਿਹਤਰ ਰਾਸ਼ਟਰ ਦੇ ਨਿਰਮਾਣ ਵਿੱਚ ਯੋਗਦਾਨ ਪਾਉਣ ਅਤੇ ਸਮਾਜ ਵਿੱਚੋਂ ਬੁਰਾਈਆਂ ਨੂੰ ਦੂਰ ਕਰਨ। ਭਗਤ ਸਿੰਘ ਦੀ ਕੁਰਬਾਨੀ ਅੱਜ ਵੀ ਸਾਨੂੰ ਦੇਸ਼ ਭਗਤੀ, ਸਾਹਸ ਅਤੇ ਅਨਿਆਂ ਵਿਰੁੱਧ ਲੜਨ ਦੀ ਪ੍ਰੇਰਨਾ ਦਿੰਦੀ ਹੈ। ਉਨ੍ਹਾਂ ਦੇ ਜਨਮ ਦਿਨ ਤੇ ਸਾਨੂੰ ਸਾਰਿਆਂ ਨੂੰ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ ਅਸੀਂ ਵੀ ਉਨ੍ਹਾਂ ਦੇ ਆਦਰਸ਼ਾਂ ਤੇ ਚੱਲ ਕੇ ਦੇਸ਼ ਦੀ ਸੇਵਾ ਕਰਾਂਗੇ। ਉਨ੍ਹਾਂ ਦਾ ਜੀਵਨ ਅਤੇ ਵਿਚਾਰ ਸਾਨੂੰ ਹਮੇਸ਼ਾ ਇਹ ਸਿਖਾਉਂਦੇ ਰਹਿਣਗੇ ਕਿ ਆਜ਼ਾਦੀ ਅਤੇ ਸੱਚ ਦੀ ਲੜਾਈ ਕਦੇ ਵਿਅਰਥ ਨਹੀਂ ਜਾਂਦੀ। ਉਨ੍ਹਾਂ ਦੇ ਸਿਧਾਂਤਾਂ ਅਤੇ ਆਦਰਸ਼ਾਂ ਤੇ ਚੱਲ ਕੇ ਹੀ ਇੱਕ ਸ਼ੁਕਰਗੁਜ਼ਾਰ ਕੌਮ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਦੇ ਸਕਦੀ ਹੈ। ਇਸ ਸ਼ਰਧਾਂਜਲੀ ਸਮਾਗਮ ਵਿੱਚ ਐਸਡੀਐਮ ਡੇਰਾਬੱਸੀ, ਡੀਐਸਪੀ ਸਬ ਡਵੀਜ਼ਨ ਡੇਰਾਬੱਸੀ, ਡੀਐਸਪੀ ਸਬ ਡਵੀਜ਼ਨ ਜ਼ੀਰਕਪੁਰ, ਸਬ ਡਵੀਜ਼ਨ ਡੇਰਾਬੱਸੀ ਦੇ ਪੱਤਰਕਾਰ, ਕੌਂਸਲਰ ਅਤੇ ਆਮ ਆਦਮੀ ਪਾਰਟੀ ਦੇ ਵਰਕਰ ਹਾਜ਼ਰ ਸਨ।

# ਲਾਇਨਜ਼ ਕਲੱਬ ਡੇਰਾਬੱਸੀ ਵੱਲੋਂ ਅੱਖਾਂ ਅਤੇ ਸ਼ੂਗਰ ਜਾਂਚ ਕੈਂਪ ਆਯੋਜਿਤ

ਡੇਰਾਬੱਸੀ, (ਲੋਕ ਬਾਣੀ) ਲਾਇਨਜ਼ ਕਲੱਬ ਡੇਰਾਬੱਸੀ ਵੱਲੋਂ ਪਿੰਡ ਸੁੰਡਰਾਂ ਵਿਚ ਏਕਾ ਫਾਈਬਰ ਫੈਕਟਰੀ ਵਿਚ ਅੱਖਾਂ ਅਤੇ ਸ਼ੂਗਰ ਜਾਂਚ ਕੈਂਪ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਜੀਵਨ ਜਯੋਤੀ ਹਸਪਤਾਲ ਤੋਂ ਡਾਕਟਰਾਂ ਦੀ ਟੀਮ ਨੇ 170 ਤੋਂ ਜ਼ਿਆਦਾ ਕਰਮਚਾਰੀਆਂ ਦੀਆਂ ਅੱਖਾਂ ਅਤੇ 160 ਦੇ ਕਰੀਬ ਲੋਕਾਂ ਦੀ ਸ਼ੂਗਰ ਪੱਧਰ ਦੀ ਜਾਂਚ ਕੀਤੀ ਗਈ। ਅੱਖਾਂ ਦੇ ਆਪ੍ਰੇਸ਼ਨ ਲਈ ਚੁਣੇ ਗਏ ਕਰਮਚਾਰੀਆਂ ਨੂੰ ਫੈਕਟਰੀ ਵੱਲੋਂ ਐਨਕਾਂ ਅਤੇ ਦਵਾਈਆਂ ਮੁਫ਼ਤ ਦਿੱਤੀਆਂ ਜਾਣਗੀਆਂ। ਜੀਵਨ ਜਯੋਤੀ ਹਸਪਤਾਲ ਦੇ ਡਾਕਟਰ ਪਾਰਸ ਸੂਰੀ ਨੇ ਦੱਸਿਆ ਕਿ ਲਾਇਨਜ਼ ਕਲੱਬ ਲਗਾਤਾਰ ਅੱਖਾਂ ਦੇ ਚੈੱਕਅੱਪ ਕੈਂਪ ਲਗਾ ਰਿਹਾ ਹੈ ਅਤੇ ਅੱਖਾਂ ਦੀ ਸੰਭਾਲ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸਦੇ ਨਾਲ ਹੀ ਲੋਕਾਂ ਨੂੰ ਮਰਨ ਉਪਰੰਤ ਅੱਖਾਂ ਦਾਨ ਕਰਨ ਲਈ ਪ੍ਰੇਰਿਆ ਜਾ ਰਿਹਾ ਹੈ ਤਾਂ ਜੋ ਨੇਤਰਹੀਣਾਂ ਦੀ ਜ਼ਿੰਦਗੀ ਵਿਚ ਚਾਨਣ ਹੋ ਸਕੇ। ਕਲੱਬ ਵੱਲੋਂ ਡੇਰਾਬੱਸੀ ਦੇ ਬਲੂਬੇਰੀ ਅਤੇ ਧਨੌਨੀ ਵਿਚ ਅੱਖਾਂ ਦੇ ਕੈਂਪ ਲਗਾਏ ਗਏ ਹਨ। ਇਸ



ਮੌਕੇ ਏਕਾ ਫਾਈਬਰ ਕੰਪਨੀ ਵੱਲੋਂ ਲਾਇਨਜ਼ ਕਲੱਬ ਦਾ ਇਸ ਉਪਰਾਲੇ ਲਈ ਧੰਨਵਾਦ ਕੀਤਾ ਗਿਆ। ਇਸ ਮੌਕੇ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ, ਜਨਰਲ ਮੈਨੇਜਰ ਅਕਾਊਂਟਸ ਅਤੇ ਹੋਰ ਪ੍ਰਬੰਧਕਾਂ ਸਮੇਤ ਲਾਇਨਜ਼ ਕਲੱਬ ਦੇ ਪ੍ਰਧਾਨ ਨਿਤਿਨ ਜਿੰਦਲ, ਲਾਇਨ ਬਰਖਾ ਰਾਮ, ਲਾਇਨ ਉਪੇਸ਼ ਬੰਸਲ, ਪਵਨ ਧੀਮਾਨ ਆਦਿ ਕਲੱਬ ਦੇ ਅਹੁਦੇਦਾਰ ਤੇ ਮੈਂਬਰ ਮੌਜੂਦ ਸਨ।

# ਕਾਲਜ ਵਿੱਚ ਆਨ ਲਾਈਨ ਵਿਧੀ ਰਾਹੀਂ ਹੁਨਰ ਵਿਕਾਸ ਪ੍ਰੋਗਰਾਮ ਦਾ ਆਯੋਜਨ

ਧੂਰੀ (ਲੋਕ ਬਾਣੀ) ਦੇਸ਼ ਭਗਤ ਕਾਲਜ ਬਰੜਵਾਲ ਪ੍ਰਿੰਸੀਪਲ ਡਾ.ਬਲਵੀਰ ਸਿੰਘ ਦੀ ਰਹਿਨੁਮਾਈ ਹੇਠ ਚੱਲ ਰਹੇ ਕਾਮਰਸ ਅਤੇ ਕੈਰੀਅਰ ਗਾਈਡੈਂਸ ਤੇ ਪਲੇਸਮੈਂਟ ਸੈੱਲ ਵੱਲੋਂ ਆਨ ਲਾਈਨ ਵਿਧੀ ਰਾਹੀਂ ਆਯੋਜਿਤ ਕੀਤਾ ਗਿਆ ਹੁਨਰ ਵਿਕਾਸ ਪ੍ਰੋਗਰਾਮ ਜਿਸ ਵਿੱਚ ਮੁੱਖ ਮਹਿਮਾਨ ਸ਼੍ਰੀ ਸੁਧੀਰ ਸ਼ਰਮਾ (ਮੀਡੀਆ ਅਤੇ ਟੈਲੀਕਾਮ ਖੇਤਰ ਵਿੱਚ ਮਾਹਿਰ ) ਉੱਤਰ ਭਾਰਤ ਵਿੱਚ ਉਤਪਾਦ ਲਾਂਚ ਕਰਨ ਅਤੇ ਸਿਕਸ ਸਿਗਮਾ ਚਲਾਉਣ ਅਤੇ ਸਿਖਲਾਈ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਰਹੇ ਹਨ। ਮੰਚ ਸੰਚਾਲਨ ਕਰਦਿਆਂ ਡਾ. ਰਵਨੀਤ ਕੌਰ ਨੇ ਆਏ ਮਹਿਮਾਨ ਨੂੰ ਜੀ ਆਇਆ ਨੂੰ ਕਹਿੰਦਿਆਂ ਇਸ ਪ੍ਰੋਗਰਾਮ ਦੀ ਰੂਪ-ਰੇਖਾ ਸਾਂਝੀ ਕੀਤੀ ਉਹਨਾਂ ਕਿਹਾ ਕਿ ਇਸ ਪ੍ਰੋਗਰਾਮ ਵਿੱਚ ਹੁਨਰ ਵਿਕਾਸ ਕਰਨ ਦੀਆਂ ਵਿਧੀਆਂ ਤੇ ਸਵੈ ਰੋਜ਼ਗਾਰ ਕਰਨ ਦੇ ਤਰੀਕਿਆਂ ਉੱਪਰ ਚਰਚਾ ਕੀਤੀ ਜਾਵੇਗੀ ।ਮੁੱਖ ਮਹਿਮਾਨ ਨੇ ਆਪਣਾ ਭਾਸ਼ਣ ਆਰੰਭ ਕਰਦਿਆਂ



ਸਭ ਤੋਂ ਪਹਿਲਾਂ ਕਾਲਜ ਦਾ ਧੰਨਵਾਦ ਕੀਤਾ ਫਿਰ ਉਹਨਾਂ ਵਿਦਿਆਰਥੀਆਂ ਨੂੰ ਡਿਜੀਟਲ ਮਾਰਕੀਟਿੰਗ , ਬੈਂਕਿੰਗ ਅਤੇ ਕੰਪਿਊਟਰ ਖੇਤਰ ਵਿਚ ਨੌਕਰੀਆ ਬਾਰੇ ਗੱਲ਼ ਕਰਦਿਆਂ ਆਨਲਾਈਨ ਵਿਧੀ ਰਾਹੀਂ ਘਰ ਬੈਠ ਕੇ ਰੋਜ਼ਗਾਰ ਤੇ ਤਰੀਕਿਆਂ ਉੱਪਰ ਵੀ ਚਰਚਾ ਕੀਤੀ। ਉੱਹਨਾ ਆਪਣੇ ਹੁਨਰ ਤਰਾਸ ਕੇ ਸਵੈ ਰੋਜ਼ਗਾਰ ਕਰਨ ਉੱਪਰ ਜ਼ੋਰ ਦਿੱਤਾ । ਉਹਨਾਂ ਨੈਟ ਦੇ ਯੁੱਗ ਦੀਆਂ ਬਰੀਕ ਤੰਦਾਂ ਬਾਰੇ ਵਿਸਥਾਰ ਪੂਰਕ ਦੱਸਿਆ ।ਇਸ ਪ੍ਰੋਗਰਾਮ ਵਿੱਚ ਪ੍ਰੋ.ਸੀਮਾ ਪ੍ਰੋ. ਗੁੰਜਨ ਅਤੇ ਸਮੂਹ ਸਟਾਫ ਹਾਜ਼ਰ ਸੀ ।

# ਖੜਕੜ ਕਲਾਂ ਜਾ ਕੇ ਸ਼ਹੀਦ ਭਗਤ ਸਿੰਘ ਨੂੰ ਕੀਤੀ ਸ਼ਰਧਾਂਜਲੀ ਭੇਂਟ

ਮਹਿਲ ਕਲਾਂ(ਲੋਕ ਬਾਣੀ) ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਦੇ ਸੂਬਾ ਮੀਡੀਆ ਇੰਚਾਰਜ ਡਾਕਟਰ ਮਿੱਠੂ ਮੁਹੰਮਦ ਮਹਿਲ ਕਲਾਂ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਨੂੰ ਉਨ੍ਹਾਂ ਦੇ ਜਨਮ ਦਿਨ ਤੇ ਪਿੰਡ ਖਟਕੜ ਕਲਾਂ ਵਿਖੇ ਸ਼ਰਧਾਂਜਲੀ ਭੇਟ ਕੀਤੀ ਗਈ। ਅੱਜ 28 ਸਤੰਬਰ ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸੈਂਕੜੇ ਮੈਡੀਕਲ ਪ੍ਰੈਕਟੀਸ਼ਨਰਜ਼ ਵਲੋਂ ਸ਼ਹੀਦ -ਏ-ਆਜਮ ਸ਼ਹੀਦ ਭਗਤ ਸਿੰਘ ਜੀ ਨੂੰ ਉਨ੍ਹਾਂ ਦੇ ਜਨਮ ਦਿਨ ਤੇ ਪਿੰਡ ਖਟਕੜ ਕਲਾਂ ਵਿਖੇ ਇੱਕ ਕਾਫ਼ਲੇ ਦੇ ਰੂਪ ਵਿੱਚ ਉਹਨਾਂ ਦੀ ਸਮਾਰਕ ਤੇ ਪਹੁੰਚ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਕਾਫ਼ਲੇ ਦੀ ਅਗਵਾਈ ਸੂਬਾ ਚੇਅਰਮੈਨ ਡਾਕਟਰ ਰਮੇਸ਼ ਕੁਮਾਰ ਬਾਲੀ, ਸੂਬਾ ਵਾਇਸ ਪ੍ਰਧਾਨ ਡਾਕਟਰ ਬਲਵੀਰ ਗਰਚਾ, ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ, ਜ਼ਿਲ੍ਹਾ ਜਨਰਲ ਸਕੱਤਰ ਡਾਕਟਰ ਪ੍ਰੇਮ ਸਲੋਹ, ਜ਼ਿਲ੍ਹਾ ਕੈਸ਼ੀਅਰ ਡਾਕਟਰ ਕਸ਼ਮੀਰ ਸਿੰਘ ਬਛੌੜੀ, ਜ਼ਿਲ੍ਹਾ ਆਰਗੇਨਾਈਜ਼ਿਰ ਸਕੱਤਰ ਡਾਕਟਰ ਰਜਿੰਦਰ ਸਿੰਘ ਲੱਕੀ ਅਤੇ ਸਮੂਹ ਜ਼ਿਲ੍ਹਾ ਕਮੇਟੀ ਅਤੇ ਵੱਖ ਵੱਖ ਬਲਾਕਾਂ ਦੇ ਪ੍ਰਧਾਨਾਂ ਨੇ ਕੀਤੀ। ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਉਨ੍ਹਾਂ ਦੀ ਸਮਾਰਕ ਤੇ ਸੰਬੋਧਨ ਕਰਦਿਆਂ ਸੂਬਾ ਚੇਅਰਮੈਨ ਡਾਕਟਰ ਰਮੇਸ਼ ਕੁਮਾਰ ਬਾਲੀ ਨੇ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਇੱਕ ਇਹੋ ਜਿਹੀ ਜਥੇਬੰਦੀ ਹੈ ਕਿ ਜਿਹੜੀ ਸ਼ਹੀਦਾਂ ਨੂੰ ਸਿਰਫ਼ ਸ਼ਰਧਾਂਜਲੀਆਂ ਭੇਂਟ ਕਰਨ ਤੱਕ ਸੀਮਤ ਨਹੀਂ, ਸਗੋਂ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਦੀ ਹੈ। ਸਮੇਂ ਸਮੇਂ ਦੀਆਂ ਸਰਕਾਰਾਂ ਸ਼ਹੀਦਾਂ ਨੂੰ ਦਿਨ ਦੇ ਦਿਨ ਯਾਦ ਤਾਂ ਕਰਦੀਆਂ ਪਰ ਉਹਨਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਵਿੱਚ ਅੱਜ ਤੱਕ ਨਾਕਾਮ ਹੀ ਸਿੱਧ ਹੋਈਆਂ ਹਨ। ਸੂਬਾ ਵਾਇਸ ਪ੍ਰਧਾਨ ਡਾਕਟਰ ਬਲਵੀਰ ਗਰਚਾ ਅਤੇ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਨੇ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਮਰਦੇ ਦਮ ਤੱਕ ਸ਼ਹੀਦਾਂ ਦੇ ਅਧੂਰੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਤਨ, ਮਨ, ਧਨ ਨਾਲ ਸੇਵਾ ਕਰਦੀ ਰਹੇਗੀ ਅਤੇ ਆਮ ਲੋਕਾਂ ਦੇ ਹੱਕਾਂ ਦੀ ਪਹਿਰੇਦਾਰ ਬਣਕੇ ਲੜਦੀ ਰਹੇਗੀ। ਇਸ ਸਮੇਂ ਬਲਾਕ ਬੰਗਾ ਦੇ ਪ੍ਰਧਾਨ ਡਾਕਟਰ ਅਮ੍ਰਿਤ ਲਾਲ , ਬਲਾਕ ਬਹਿਰਾਮ ਦੇ ਪ੍ਰਧਾਨ ਡਾਕਟਰ ਜਤਿੰਦਰ ਸਹਿਗਲ, ਬਲਾਕ ਸੜੋਆ ਦੇ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜ੍ਹੀ, ਬਲਾਕ ਬਲਾਚੌਰ ਦੇ ਪ੍ਰਧਾਨ ਡਾਕਟਰ ਮੰਗਤ ਰਾਏ, ਬਲਾਕ ਨਵਾਂਸ਼ਹਿਰ ਦੇ ਪ੍ਰਧਾਨ ਡਾਕਟਰ ਪਰਮਜੀਤ ਬੱਧਣ, ਮੀਡੀਆ ਇੰਚਾਰਜ ਡਾਕਟਰ ਮਨਜਿੰਦਰ ਬੰਗਾ, ਪ੍ਰੈਸ ਸਕੱਤਰ ਡਾਕਟਰ ਬਲਵਿੰਦਰ ਬੈਂਸ, ਡਾਕਟਰ ਤਰਸੇਮ ਸਲੋਹ, ਡਾਕਟਰ ਜੁਗਿੰਦਰ,



ਡਾਕਟਰ ਸੁਰਜੀਤ, ਡਾਕਟਰ ਰਾਜਪਾਲ, ਬਲਾਕ ਜਾਡਲਾ ਦੇ ਪ੍ਰਧਾਨ ਡਾਕਟਰ ਸੋਹਣ ਲਾਲ, ਡਾਕਟਰ ਜਗੀਰ ਸਿੰਘ, ਡਾਕਟਰ ਨਿਰਮਲ ਸਿੰਘ, ਡਾਕਟਰ ਰਵਿੰਦਰ ਕੁਮਾਰ, ਡਾਕਟਰ ਅਨੂੰਪਿੰਦਰ ਸਿੰਘ, ਡਾਕਟਰ ਗੁਰਮੇਲ ਮਜਾਰੀ, ਡਾਕਟਰ ਸੀਤਾ ਰਾਮ, ਡਾਕਟਰ ਅਸ਼ੋਕ ਕੁਮਾਰ, ਡਾਕਟਰ ਹੁਸਨ ਲਾਲ, ਡਾਕਟਰ ਸੁਖਵਿੰਦਰ ਮੰਢਾਲੀ, ਡਾਕਟਰ ਊਸ਼ਾ ਰਾਣੀ, ਡਾਕਟਰ ਸੁਰਿੰਦਰ ਕਟਾਰੀਆ, ਡਾਕਟਰ ਸਤਨਾਮ ਬਜੀਦਪੁਰ ਪੁਰ, ਡਾਕਟਰ ਸੁਰਿੰਦਰ ਨੌਰਦ, ਡਾਕਟਰ ਜਸਵਿੰਦਰ, ਡਾਕਟਰ ਜੁਨੇਜਾ, ਡਾਕਟਰ ਜਸਪਾਲ ਕੌਰ, ਡਾਕਟਰ ਜਸਵਿੰਦਰ ਕੌਰ ਅਤੇ ਵੱਖ ਵੱਖ ਬਲਾਕਾਂ ਦੇ ਸਮੂਹ ਮੈਂਬਰ ਹਾਜ਼ਰ ਸਨ।

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
Ambulance Service 24hrs.
FACILITIES AVAILABLE
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgieries, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
82880 21797
82880 21798
WWW.JSDCGROUP.COM
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow !
150+ Placements in Session 2022-23
18+ MOUs with Industries
upto 100% Scholarship Schemes
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS SINCE 1958
64 YEARS EDUCATIONAL EXCELLENCE
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING
HOTEL MANAGEMENT
MANAGEMENT & COMMERCE
DEGREE COURSES
PARAMEDICAL COURSES
POLYTECHNIC DIPLOMA
MEDIA & FASHION
INFORMATION TECHNOLOGY
LAW
TEACHER / PHYSICAL EDUCATION
NURSING TRAINING
ARCHITECTURE
INDUSTRIAL TRAINING INSTITUTE
LATERAL ENTRY ADMISSION INTO SECOND YEAR AVAILABLE
CORP. OFFICE : 680-L MODEL TOWN, JALANDHAR.
www.stsoldiergroup.com